
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 53
April 11, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


**ਦੇਸ਼-ਵਿਦੇਸ਼ ਵਿਚ ਵੱਸਦੀ ਸਮੁੱਚੀ ਕੌਮੀ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਖਾਲਸਾ ਜੀ ਦੇ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।**



ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਸਾਜੇ ਖਾਲਸਾ ਪੰਥ ਦੀ ਸਥਾਪਨਾ ਦਿਵਸ ਤੇ ਪ੍ਰੋ. ਐਚ. ਐਲ. ਕਪੂਰ ਦਾ ਲੇਖ ਪੜ੍ਹੋ ਸਫਾ 10 'ਤੇ।



ਹੁਸ਼ਿਆਰਪੁਰ ਤੋਂ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੀ ਪੰਜਵੀਂ ਵਿਸਾਲ ਸੋਭਾ ਯਾਤਰਾ (ਖਬਰ ਦੇਖੋ ਸਫਾ 5 'ਤੇ)

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641 ਵਾਂ ਪਾਵਨ ਪ੍ਰਕਾਸ਼ ਦਿਹਾੜਾ





**ਯੂਨੀਅਨ ਸਿਟੀ (ਡੀ. ਡੀ. ਬੀ)–** ਬੀਤੇ ਐਤਵਾਰ 8 ਅਪ੍ਰੈਲ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਸਮੂਹ ਸੰਗਤ ਦੇ ਸਹਿਯੋਗ ਨਾਲ ਮਨਾਇਆ। ਇਸ ਮੌਕੇ ਬੇ-ਏਰੀਆ ਦੀਆਂ ਸੰਗਤਾਂ ਤੋਂ ਇਲਾਵਾ ਯੂਬਾ ਸਿਟੀ, ਸੈਕਰਾਮੈਂਟੋ, ਪਿਟਸਬਰਗ, ਸਟਾਕਟਨ, ਫਰਿਜ਼ਨੋ, ਸੇਲਮਾ ਆਦਿ ਦੂਰੋਂ ਨੇੜਿਉਂ ਇਲਾਕਾ ਨਿਵਾਸੀ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਆਪਣੇ ਆਪ ਨੂੰ ਵਡਭਾਗੀ ਸਮਝਿਆ।

ਬੇ-ਏਰੀਆ ਇਲਾਕਾ ਨਿਵਾਸੀ ਸੰਗਤਾਂ 'ਚ ਪਹਿਲਾਂ ਹੀ ਖੁਸ਼ੀ ਦੀ ਲਹਿਰ ਹੈ ਕਿ ਯੂਨੀਅਨ ਸਿਟੀ ਦੀ ਸਿਟੀ ਕੌਂਸਲ ਵੱਲੋਂ ਗੁਰੂ ਘਰ ਉਸਾਰਨ ਦੀ ਪ੍ਰਵਾਨਗੀ ਮਿਲ ਚੁੱਕੀ ਹੈ ਤੇ ਅੱਜ ਦੇ ਸ਼ੁਭ ਦਿਹਾੜੇ ਮੌਕੇ ਸਿਟੀ ਕੌਂਸਲ ਅਧਿਕਾਰੀ ਵੀ ਹਾਜ਼ਰੀਆਂ ਭਰ ਕੇ ਖੁਸ਼ੀ ਮਹਿਸੂਸ ਕਰਦੇ ਨਜ਼ਰ ਆਏ। ਉਹਨਾਂ ਨੂੰ ਦੇਖਿਆ/ਸੁਣਿਆ ਇੰਝ ਲੱਗਿਆ ਜਿਵੇਂ ਉਹਨਾ ਗੁਰੂ ਘਰ ਦੀ ਉਸਾਰੀ ਦੀ ਪ੍ਰਵਾਨਗੀ ਦੇ ਕੇ ਬਹੁਤ ਨੇਕ ਕਰਮ ਕਮਾਇਆ। ਸ. ਗੈਰੀ ਸਿੰਘ ਨੇ ਆਪਣੇ ਦੋ ਸ਼ਬਦਾਂ ਦੌਰਾਨ ਇੱਥੋਂ ਤੱਕ ਕਿਹਾ ਕਿ ਇਹ ਤਾਂ ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਹੈ, ਅਸੀਂ ਤਾਂ ਸੇਵਾਦਾਰ ਹਾਂ ਤੇ ਸੇਵਾ ਕਰਦੇ ਰਹਿਣਾ ਇਕ ਸਿੱਖ ਦਾ ਫਰਜ਼ ਹੈ। ਸੰਗਤਾਂ ਨਾਲ ਭਰੇ ਪੰਡਾਲ ਤੋਂਬਾਹਰ ਪਾਰਕਿੰਗ ਲਾਟ 'ਚ ਸੰਗਤਾਂ ਦੀਆਂ ਖੁਸ਼ੀਆਂ ਨੂੰ ਦੇਖ ਕੇ ਸਿਟੀ ਕੌਂਸਲ ਅਧਿਕਾਰੀ ਬੇਹੱਦ ਖੁਸ਼ੀ ਮਹਿਸੂਸ ਕਰਦੇ ਦੇਖੇ ਗਏ।

ਇਸ ਮੌਕੇ ਫਰੀਮਾਂਟ ਦੀ ਮੇਅਰ ਅਤੇ ਯੂਨੀਅਨ ਸਿਟੀ ਕੌਂਸਲ ਅਧਿਕਾਰੀ Lily Mei Mayor of Fremont, John Banas Regional Vice President, Amy DuCharme Manager Sales, Pam

**(ਬਾਕੀ ਖਬਰ ਦੇਖੋ ਸਫਾ 15 'ਤੇ ਅਤੇ ਤਸਵੀਰਾਂ ਦੇਖੋ ਸਫਾ 11 ਤੋਂ 13 'ਤੇ)**


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

FARMERS INSURANCE
Auto, Home, Business, Commercial, Rental, Workecomp, Life, Health etc.
ਮਨਜੀਤ ਕੌਰ
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648
2081 Arena Blvd. @ 100 Sacramento CA 95835
916-628-2210
Dil.realtor@gmail.com



ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ, ਸਟਾਕਟਨ ਗੁਰੂ ਘਰ ਦੇ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈਆਂ



Late
Sh. Lahori Ram
Comissioner



# ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ

# ਬਸਪਾ 14 ਅਪ੍ਰੈਲ ਨੂੰ ਜ਼ਿਲ੍ਹਾ ਪੱਧਰ ਤੇ ਪੰਜਾਬ ਭਰ 'ਚ ਮਨਾਏਗੀ ਬਾਬਾ ਸਾਹਿਬ ਦਾ ਜਨਮ ਦਿਨ



**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)-** ਐਸ ਸੀ ਐਸ ਟੀ ਐਕਟ 'ਚ ਕੀਤੇ ਬਦਲਾਅ ਤੋਂ ਰੋਹ ਵਿੱਚ ਆਏ ਭਾਰਤ ਦੇ ਦਲਿਤਾਂ ਨੇ 2 ਅਪ੍ਰੈਲ ਨੂੰ ਸ਼ਾਂਤੀਪੂਰਵਕ ਜੋ ਭਾਰਤ ਬੰਦ ਦਾ ਸੱਦਾ ਦਿੱਤਾ ਸੀ ਉਹ ਪੂਰਨ ਤੌਰ ਤੇ ਲੋਕਾਂ ਵੱਲੋਂ ਮਿਲੇ ਸਹਿਯੋਗ ਦੇ ਚੱਲਦਿਆਂ ਸਫਲ ਰਿਹਾ ਸੀ ਪਰ 10 ਅਪ੍ਰੈਲ ਨੂੰ ਗੈਰਸੰਵਿਧਾਨਿਕ ਤਰੀਕੇ ਨਾਲ ਦਿੱਤਾ ਭਾਰਤ ਬੰਦ ਦਾ ਸੱਦਾ ਅਸਫਲ ਰਿਹਾ। ਬਾਕੀ ਸ਼ਹਿਰਾਂ ਦੀ ਛੱਡੋ ਅਸੀ ਲੁਧਿਆਣਾ ਵਰਗੇ ਮਹਾਂਨਗਰ ਨੂੰ ਹੀ ਦੇਖੀਏ ਤਾਂ ਏਥੇ ਭਾਰਤ ਬੰਦ ਨੂੰ ਮਹਾਂਨਗਰ ਦੇ ਵਾਸੀਆਂ ਨੇ ਕੋਈ ਤਵੱਜੋ ਨਹੀ ਦਿੱਤੀ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਇੰ-ਚਾਰਜ ਐਮ ਐਲ ਤੋਮਰ ਨੇ ਸਥਾਨਕ ਸਰਕਟ ਹਾਉਸ ਵਿਖੇ ਰੱਖੀ ਜੋਨ ਪੱਧਰੀ (ਜ਼ਿਲਾ ਲੁਧਿਆਣਾ, ਬਰਨਾਲਾ, ਮੋਗਾ ਅਤੇ ਸੰਗਰੂਰ) ਰੱਖੀ ਅਹੁਦੇਦਾਰਾਂ ਦੀ ਮੀਟਿੰਗ ਵਿੱਚ ਪੱਤਰਕਾਰ ਵਾਰਤਾ ਦੌਰਾਨ ਕੀਤਾ। ਉਨ੍ਹਾਂ ਬਿਹਾਰ ਵਿੱਚ ਹੋਈ ਹਿੰਸਾ ਅਤੇ ਗੋਲੀ ਚੱਲਣ ਨੂੰ ਆਰ ਐਸ ਐਸ ਨਾਲ ਜੋੜਦਿਆਂ ਕਿਹਾ ਕਿ ਏਹ ਗੋਲੀ ਆਰ ਐਸ ਐਸ ਦੇ ਗੁੰਡਿਆਂ ਨੇ ਚਲਾਈ ਹੈ ਜਿਸ ਨਾਲ 6 ਪੁਲਿਸ ਵਾਲੇ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਦੀਆਂ ਵੰਡੀਆਂ ਪਾ ਕੇ ਮੁੜ ਸੱਤਾ ਵਿੱਚ ਆਉਣਾ ਚਾਹੁੰਦੀ ਹੈ ਪਰ ਇਸ ਵਾਰ ਉਹ ਕਾਮਯਾਬ ਨਹੀ ਹੋਵੇਗੀ। ਉਨ੍ਹਾਂ ਕਿਹਾ ਕਿ 14 ਅਪ੍ਰੈਲ ਨੂੰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੀ ਜੋ ਜੰਯਤੀ ਆ ਰਹੀ ਹੈ ਉਸ ਨੂੰ ਪੰਜਾਬ 'ਚ ਜ਼ਿਲ੍ਹਾ ਪੱਧਰ ਤੇ ਮਨਾਇਆ ਜਾਵੇਗਾ। ਲੁਧਿਆਣਾ 'ਚ ਅੰਬੇਡਕਰ ਚੌਕ ਵਿੱਚ ਬਸਪਾ ਰੈਲੀ ਕਰਕੇ ਜੰਯਤੀ ਮਨਾਏਗੀ। ਸੂਬਾ ਕੋਆਡੀਨੇਟਰ ਨਿਰਮਲ ਸਿੰਘ ਸੁਮਨ ਨੇ ਕਾਂਗਰਸ ਦੀ ਰੱਖੀ ਭੁੱਖ ਹੜਤਾਲ ਤੇ ਕਿਹਾ ਕਿ ਪਹਿਲਾਂ ਢਿੱਡ 'ਚ ਚੰਗੇ ਪਕਵਾਨ ਪਾ ਕੇ ਭੁੱਖ ਹੜਤਾਲ ਕਰਨ ਦਾ ਡਰਾਮਾ ਜੱਗ ਜਾਹਰ ਹੋ ਚੁੱਕਾ ਹੈ ਜੋ ਦੇਸ਼ ਦੇ ਦਲਿਤਾਂ ਨੂੰ ਆਪਣੇ ਨਾਲ ਜੋੜਨ ਦੀ ਕਾਂਗਰਸ ਦੀ ਇੱਕ ਚਾਲ ਸੀ ਜੋ ਫੇਲ੍ਹ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨਾਲ ਨਵੇਂ ਲੋਕ ਤਾਂ ਜੁੜ ਹੀ ਰਹੇ ਹਨ ਪੁਰਾਣੇ ਵੀ ਵਾਪਸ ਆ ਰਹੇ ਹਨ ਇਸ ਲਈ ਅਗਲਾ ਸਮਾਂ ਬਸਪਾ ਦਾ ਹੈ। ਇਸ ਮੌਕੇ ਗੁਰਮੀਤ ਸਿੰਘ ਰੇਲਵੇ ਅਤੇ ਬੀਬੀ ਸੁਰਿੰਦਰ ਕੌਰ ਨੂੰ ਲੁਧਿਆਣਾ ਦੇ ਇੰਚਾਰਜ, ਬੀਬੀ ਸੁਖਵਿੰਦਰ ਕੌਰ ਨੂੰ ਬੀ ਵੀ ਐਫ ਦੀ ਕਨਵੀਨਰ ਅਤੇ ਕਮਲਜੀਤ ਕੌਰ ਅਟਵਾਲ ਨੂੰ ਸਹਿ ਕਨਵੀਨਰ ਲਗਾਇਆ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਡਾ: ਮੱਖਣ ਸਿੰਘ ਸੰਗਰੂਰ, ਰਾਮ ਸਿੰਘ ਗੋਗੀ, ਦਰਸ਼ਨ ਸਿੰਘ ਜਨੂਹ, ਚਮਕੌਰ ਸਿੰਘ ਸਾਰੇ ਜੋਨ ਇੰਚਾਰਜ, ਜ਼ਿਲ੍ਹਾ ਪ੍ਰਧਾਨ ਜੀਤਰਾਮ ਬਸਰਾ ਤੇ ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆਂ, ਪ੍ਰਗਣ ਬਿਲਗਾ, ਪਵਣ ਕੁਮਾਰ, ਵਿੱਕੀ ਕੁਮਾਰ, ਲਾਭ ਸਿੰਘ ਭਾਮੀਆਂ, ਬਿੱਕਰ ਸਿੰਘ ਨੱਤ, ਹੰਸਰਾਜ ਬੰਗੜ, ਠੇਕੇਦਾਰ ਸੁਰਜਨ ਸਿੰਘ, ਨਰੇਸ਼ ਬਸਰਾ, ਮਹਿੰਦਰ ਸਿੰਘ, ਚਰਨ ਦਾਸ ਮਾਂਗਟ, ਅਮਰੀਕ ਸਿੰਘ ਘੁਲਾਲ, ਇੰਦਰੇਸ਼ ਕੁਮਾਰ, ਸੁਰੇਸ਼ ਸੋਨੂੰ, ਨਿਰਮਲ ਸਿੰਘ ਸੋਖੀ, ਖਵਾਜਾ ਪ੍ਰਸਾਦ, ਬਲਵੀਰ ਸਿੰਘ ਰਾਜਗੜ੍ਹ, ਦਲਬੀਰ ਸਿੰਘ ਮੰਡਿਆਲਾ, ਕੈਪਟਨ ਰਾਮਪਾਲ ਸਿੰਘ, ਹਰਦੇਵ ਸਿੰਘ ਧਾਲੀਆ, ਨਾਜਰ ਸਿੰਘ ਪ੍ਰਤਾਪ ਸਿੰਘ ਵਾਲਾ ਅਤੇ ਹੋਰ ਹਾਜਰ ਸਨ।

# ਸੁਪਰੀਮ ਕੋਰਟ ਵੱਲੋਂ 'ਨਾਨਕ ਸ਼ਾਹ ਫ਼ਕੀਰ' ਫਿਲਮ ਚਲਾਉਣ ਦਾ ਰਾਹ ਸਾਫ਼

**ਨਵੀਂ ਦਿੱਲੀ-** ਸੁਪਰੀਮ ਕੋਰਟ ਨੇ ਅੱਜ ਫਿਲਮ '' ਨਾਨਕ ਸ਼ਾਹ ਫ਼ਕੀਰ'' ਦੀ 13 ਅਪਰੈਲ ਨੂੰ ਦੇਸ਼ ਵਿਆਪੀ ਰਿਲੀਜ਼ ਦਾ ਰਾਹ ਸਾਫ਼ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਿਲਮ 'ਤੇ ਰੋਕਾਂ ਲਾਉਣ ਦੀ ਸਖ਼ਤ ਨੁਕਤਾਚੀਨੀ ਕੀਤੀ ਹੈ।

ਚੀਫ ਜਸਟਿਸ ਦੀਪਕ ਮਿਸ਼ਰਾ, ਏਐਮ ਖਨਵਿਲਕਾਰ ਤੇ ਡੀ ਵਾਈ ਚੰਦਰਚੂੜ ਦੇ ਬੈਂਚ ਨੇ ਆਖਿਆ ਕਿ ਸੀਬੀਐਫਸੀ ਦਾ ਪ੍ਰਮਾਣ-ਪੱਤਰ ਮਿਲਣ ਤੋਂ ਬਾਅਦ ਕੋਈ ਗਰੁਪ, ਬਾਡੀ, ਸਭਾ ਜਾਂ ਵਿਅਕਤੀ ਫਿਲਮ ਦੀ ਨੁਮਾਇਸ਼ ਸਬੰਧੀ ਕਿਸੇ ਕਿਸਮ ਦਾ ਵਿਘਨ ਨਹੀਂ ਪਾ ਸਕਦਾ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਪਦੇਸ਼ਾਂ 'ਤੇ ਬਣੀ ਇਸ ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਜੋ ਜਲ ਸੈਨਾ ਦੇ ਸਾਬਕਾ ਅਫ਼ਸਰ ਹਨ, ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਫਿਲਮ 'ਤੇ ਗ਼ੈਰਕਾਨੂੰਨੀ ਢੰਗ ਨਾਲ ਪਾਬੰਦੀ ਲਾ ਦਿੱਤੀ ਹੈ ਹਾਲਾਂਕਿ ਸੀਬੀਐਫਸੀ ਨੇ ਇਸ ਨੂੰ 28 ਮਾਰਚ ਨੂੰ ਹਰੀ ਝੰਡੀ ਦੇ ਦਿੱਤੀ ਸੀ। ਬੈਂਚ ਨੇ ਕਿਹਾ ਕਿ ਇਹ ਰਿੱਟ ਪਟੀਸ਼ਨ ਕਿਸੇ ਲੇਖਕ ਦੀ ਤਲਿਸਮੀ ਪਰਦੇ 'ਤੇ ਆਪਣੇ ਖ਼ਿਆਲ ਦੀ ਤਸਵੀਰਕਸ਼ੀ ਦੇ ਹੱਕ ਉਪਰ ਕਿਸੇ ਪ੍ਰਾਈਵੇਟ ਸੰਸਥਾ ਵੱਲੋਂ ਹਾਵੀ ਹੋਣ ਦੀ ਇਹ ਇਕ ਹੋਰ ਮਿਸਾਲ ਹੈ ਕਿਉਂਕਿ ਉਹ ਸਮਝਦੇ ਹਨ ਕਿ ਜੇ ਇਹ ਫਿਲਮ ਭਾਵ ''ਨਾਨਕ ਸ਼ਾਹ ਫ਼ਕੀਰ '' ਸਿਨੇਮਿਆਂ ਵਿੱਚ ਰਿਲੀਜ਼ ਕੀਤੀ ਜਾਂਦੀ ਹੈ ਤਾਂ ਅਮਨ ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ। ਬੈਂਚ ਨੇ ਕਿਹਾ ਕਿ ਸੀਬੀਐਫਸੀ ਵੱਲੋਂ ਪ੍ਰਮਾਣ ਪੱਤਰ ਜਾਰੀ ਹੋਣ ਤੋਂ ਬਾਅਦ ਵੀ ਖ਼ਦਸ਼ ਪਾਉਣਾ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨ ਤੋਂ ਉਪਰ ਦਰਸਾਉਣ ਦਾ ਯਤਨ ਹੈ।'' ਇਕੇਰਾਂ ਜਦੋਂ ਫਿਲਮ ਨੂੰ ਸਮਰੱਥ ਸੰਸਥਾ ਵੱਲੋਂ ਸਰਟੀਫਿਕੇਟ ਦੇ ਦਿੱਤਾ ਗਿਆ ਤਾਂ ਫਿਰ ਜਦੋਂ ਤੱਕ ਇਹ ਸਰਟੀਫਿਕੇਟ ਕਿਸੇ ਉਚੇਰੀ ਅਥਾਰਿਟੀ ਵੱਲੋਂ ਰੱਦ ਜਾਂ ਤਬਦੀਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਫਿਲਮ ਦੇ ਨਿਰਮਾਤਾ ਜਾਂ ਡਿਸਟਰੀਬਿਊਟਰ ਨੂੰ ਆਪਣੀ ਫਿਲਮ ਸਿਨੇਮਿਆਂ ਵਿੱਚ ਦਿਖਾਉਣ ਦਾ ਪੂਰਾ ਹੱਕ ਹੈ।'' ਸੁਪਰੀਮ ਕੋਰਟ ਨੇ ਕਿਹਾ ਕਿ ਜੇ ਇਸ ਕਿਸਮ ਦੀਆਂ ਸਰਗਰਮੀਆਂ ਨੂੰ ਹੱਲਾਸ਼ੇਰੀ ਮਿਲਦੀ ਰਹੀ ਤਾਂ ਅਰਾਜਕਤਾ ਫੈਲ ਜਾਵੇਗੀ ਤੇ ਬੋਲਣ ਤੇ ਸਵੈ ਪ੍ਰਗਟਾਵੇ ਦੀ ਆਜ਼ਾਦੀ ਖ਼ਤਰੇ ਵਿੱਚ ਪੈ ਜਾਵੇਗੀ।''

''ਕਿਸੇ ਵੀ ਸੂਰਤ ਵਿੱਚ ਇਹੋ ਜਿਹੀਆਂ ਸੰਸਥਾਵਾਂ, ਗਰੁਪ ਜਾਂ ਵਿਅਕਤੀ ਇਹ ਭਰਮ ਨਹੀਂ ਪਾਲ ਸਕਦੇ ਕਿ ਉਹ ਕੋਈ ਸਰਟੀਫਿਕੇਟ ਦੇਣ ਦੇ ਸਮਰੱਥ ਹਨ ਤੇ ਜਿੰਨੀ ਦੇਰ ਉਨ੍ਹਾਂ ਦੀ ਮਰਜ਼ੀ ਨਹੀਂ ਹੋਵੇਗੀ ਤਾਂ ਫਿਲਮ ਸਿਨੇਮਿਆਂ ਵਿੱਚ ਲੱਗਣ ਨਹੀਂ ਦਿੱਤੀ ਜਾਵੇਗੀ। ਘੱਟੋ ਘੱਟ ਇਸ ਕਿਸਮ ਦੀ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਰਾਜ ਦਾ ਇਹ ਫ਼ਰਜ਼ ਹੈ ਕਿ ਉਹ ਇਸ ਕਾਨੂੰਨਨ ਹੱਕ ਨੂੰ ਅਮਲ ਵਿੱਚ ਲਿਆਵੇ।'' ਸੁਪਰੀਮ ਕੋਰਟ ਨੇ ਪਟੀਸ਼ਨਰ ਨੂੰ ਹਦਾਇਤ ਕੀਤੀ ਕਿ ਉਸ ਦਾ ਇਹ ਹੁਕਮ ਸਾਰੀਆਂ ਸਬੰਧਤ ਧਿਰਾਂ ਨੂੰ ਈਮੇਲ ਰਾਹੀਂ ਪੁੱਜਦਾ ਕਰਨ ਤਾਂ ਕਿ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।




ਸ੍ਰੀ ਸਿੱਕਾ ਨੇ ਬੋਲਣ ਤੇ ਸਵੈ-ਪ੍ਰਗਟਾਵੇ ਦੀ ਆਜ਼ਾਦੀ ਤੇ ਧਾਰਮਿਕ ਵਿਚਾਰਾਂ ਦੇ ਪਸਾਰ ਦੇ ਹੱਕ ਦੀ ਰਾਖੀ ਦੀ ਫਰਿਆਦ ਲਾਈ ਸੀ। ਉਸ ਦਾ ਖ਼ਿਆਲ ਸੀ ਕਿ ਕੁਝ ਤਬਕੇ ਆਪਣੇ ਨਿਹਿਤ ਸਵਾਰਥ ਕਾਰਨ ਫਿਲਮ ਦੀ ਰਿਲੀਜ਼ ਰੋਕ ਕੇ ਉਸ ਦੇ ਹੱਕ ਕੁਚਲ ਰਹੇ ਹਨ। ਪਹਿਲਾਂ ਇਸ ਫਿਲਮ ਨੂੰ 30 ਮਾਰਚ 2015 ਵਿੱਚ ਸੀਬੀਐਫਸੀ ਤੋਂ ਹਰੀ ਝੰਡੀ ਮਿਲੀ ਸੀ ਪਰ ਪੰਜਾਬ ਵਿੱਚ ਦੋ ਮਹੀਨੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ ਇਸ ਦੀ ਰਿਲੀਜ਼ ਰੋਕ ਦਿੱਤੀ ਗਈ ਸੀ। ਪਾਬੰਦੀ ਤੋਂ ਬਾਅਦ ਸਿੱਕਾ ਨੇ ਦੁਨੀਆ ਭਰ ਵਿੱਚ ਇਸ ਫਿਲਮ ਦੀ ਰਿਲੀਜ਼ ਵਾਪਸ ਲੈ ਲਈ ਸੀ। ਉਨ੍ਹਾਂ ਕਿਹਾ ਕਿ ਇਸ ਫਿਲਮ ਨਾਲ ਜੁੜੇ ਵੱਖ ਵੱਖ ਮੁੱਦਿਆਂ ਬਾਰੇ ਉਨ੍ਹਾਂ ਸ਼੍ਰੋਮਣੀ ਕਮੇਟੀ ਨਾਲ ਵਿਚਾਰ ਚਰਚਾ ਕੀਤੀ ਸੀ ਤੇ ਉਸ ਨੂੰ ਕੁਝ ਜ਼ਰੂਰੀ ਤਰਮੀਮਾਂ ਕਰਨ ਦਾ ਸੁਝਾਅ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਫਿਲਮ ਨੂੰ ਪ੍ਰਮਾਣ ਪੱਤਰ ਦੇਣ ਲਈ ਮੁੜ ਸੀਬੀਐਫਸੀ ਕੋਲ ਪਹੁੰਚ ਕੀਤੀ ਸੀ। ਸੀਬੀਐਫਸੀ ਨੇ ਲੰਘੀ 28 ਮਾਰਚ, 2018 ਨੂੰ ਦੁਬਾਰਾ ਫਿਲਮ ਨੂੰ ਹਰੀ ਝੰਡੀ ਦੇ ਦਿੱਤੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 30 ਮਾਰਚ ਨੂੰ ਇਕ ਪੱਤਰ ਲਿਖ ਕੇ ਫਿਲਮ ਲਈ ਆਪਣੀ ਰਜ਼ਾਮੰਦੀ ਵਾਪਸ ਲੈਣ ਦੀ ਸੂਚਨਾ ਦਿੱਤੀ ਸੀ।

### ਪੰਜਾਬ ਸਰਕਾਰ ਨੇ ਫਿਲਮ 'ਤੇ ਪਾਬੰਦੀ ਦਾ ਫ਼ੈਸਲਾ ਵਾਪਸ ਲਿਆ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਵਾਦਪੂਰਨ ਫਿਲਮ 'ਨਾਨਕ ਸ਼ਾਹ ਫਕੀਰ' ਦੇ ਮੁੱਦੇ 'ਤੇ ਦਖ਼ਲ ਨਾ ਦੇਣ ਦਾ ਫੈਸਲਾ ਕੀਤਾ ਹੈ ਕਿਉਂਕਿ ਫ਼ਿਲਮ ਨਿਰਮਾਤਾ ਨੇ ਹੀ ਸੂਬੇ ਵਿਚ ਫ਼ਿਲਮ ਨੂੰ ਰਲੀਜ਼ ਨਾ ਕਰਨ ਦਾ ਨਿਰਣਾ ਕੀਤਾ ਹੈ। ਰਾਜ ਸਰਕਾਰ ਨੇ ਅੱਜ ਦਿਨੇ ਫਿਲਮ 'ਤੇ ਪਾਬੰਦੀ ਲਾਉਣ ਦਾ ਫ਼ੈਸਲਾ ਕੀਤਾ ਸੀ ਜਿਸ ਨੂੰ ਨਿਰਮਾਤਾ ਦਾ ਫ਼ੈਸਲਾ ਆਉਣ ਤੋਂ ਬਾਅਦ ਬਦਲ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਫ਼ਿਲਮ ਦੇ ਨਿਰਮਾਤਾ ਦੇ ਫੈਸਲੇ ਦੇ ਮੱਦੇਨਜ਼ਰ ਇਸ ਫ਼ਿਲਮ ਉੱਤੇ ਪਾਬੰਦੀ ਲਾਉਣ ਦਾ ਫ਼ੈਸਲਾ ਗੈਰ-ਜ਼ਰੂਰੀ ਬਣ ਗਿਆ ਹੈ। ਫ਼ਿਲਮ ਦੇ ਨਿਰਮਾਤਾ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਸਪੱਸ਼ਟ ਕਿਹਾ ਹੈ ਕਿ ਇਸ ਮੁੱਦੇ ਦੀ ਨਜ਼ਾਕਤ ਨੂੰ ਦੇਖਦੇ ਹੋਏ ਅਤੇ ਲੋਕਾਂ ਦੀਆਂ ਭਾਵਨਾਵਾਂ ਦੇ ਕਾਰਨ ਉਨ੍ਹਾਂ ਨੇ ਹਾਲ ਦੀ ਘੜੀ ਪੰਜਾਬ ਵਿਚ ਫ਼ਿਲਮ ਰਿਲੀਜ਼ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਕਰਕੇ ਕੋਈ ਵੀ ਕਾਰਵਾਈ ਕੀਤੇ ਜਾਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਥਿਤੀ ਦਾ ਜਾਇਜ਼ਾ ਲਵੇਗੀ ਅਤੇ ਜੇਕਰ ਭਵਿੱਖ ਵਿਚ ਜ਼ਰੂਰੀ ਹੋਇਆ ਤਾਂ ਇਸ ਸਬੰਧੀ ਢੁੱਕਵਾਂ ਫੈਸਲਾ ਲਿਆ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਜ਼ਰੂਰਤ ਪੈਣ ਉੱਤੇ ਸਾਰੇ ਸੰਭਾਵੀ ਕਦਮ ਚੁੱਕੇਗੀ ਤਾਂ ਜੋ ਸੂਬੇ ਵਿੱਚ ਕਾਨੂੰਨ ਵਿਵਸਥਾ ਵਿਚ ਵਿਘਨ ਨਾ ਪੈਣ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬੇ ਦੇ ਸ਼ਾਂਤੀ ਵਾਲੇ ਮਾਹੌਲ ਨੂੰ ਖ਼ਰਾਬ ਕਰਨ ਦੀ ਕਿਸੇ ਵੀ ਕੋਸ਼ਿਸ਼ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਮੁੱਖ ਮੰਤਰੀ ਦਾ ਵਿਚਾਰ ਹੈ ਕਿ ਲੇਖਕਾਂ, ਫ਼ਿਲਮ ਨਿਰਮਾਤਾਵਾਂ ਆਦਿ ਦੀ ਪ੍ਰਗਟਾਵੇ ਦੀ ਸਿਰਜਣਾਤਮਕ ਆਜ਼ਾਦੀ ਹੈ ਪਰ ਇਹ ਆਜ਼ਾਦੀ ਕਿਸੇ ਵੀ ਭਾਈਚਾਰੇ ਦੀਆਂ ਧਾਰਮਿਕ ਸੰਵੇਦਨਸ਼ੀਲਤਾਵਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਇਸ ਦੌਰਾਨ ਉਨ੍ਹਾਂ ਨੇ ਵਿਰੋਧ ਕਰ ਰਹੀਆਂ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਨਾ ਤਾਂ ਹਿੰਸਾ ਕਰਨ ਅਤੇ ਨਾ ਹੀ ਫ਼ਿਲਮ ਵਿਰੁੱਧ ਰੋਸ ਵਿਖਾਉਣ ਲਈ ਜੀਵਨ ਅਤੇ ਜਾਇਦਾਦ ਨੂੰ ਕੋਈ ਨੁਕਸਾਨ ਪਹੁੰਚਾਉਣ।

# 'ਭਾਰਤ ਬੰਦ' ਨੂੰ ਪੰਜਾਬ 'ਚ ਰਲਵਾਂ-ਮਿਲਵਾਂ ਹੁੰਗਾਰਾ

**ਚੰਡੀਗੜ੍ਹ-** ਰਾਖਵਾਂਕਰਨ ਦੇ ਵਿਰੋਧੀਆਂ ਦਾ 'ਭਾਰਤ ਬੰਦ' ਅੱਜ ਪੰਜਾਬ ਭਰ ਵਿੱਚ ਦੋ-ਤਿੰਨ ਥਾਵਾਂ 'ਤੇ ਛੋਟੀਆਂ-ਮੋਟੀਆਂ ਝੜਪਾਂ ਨੂੰ ਛੱਡ ਕੇ ਪੁਰਅਮਨ ਢੰਗ ਨਾਲ ਨਿਬੜ ਗਿਆ। ਬੰਦ ਨੂੰ ਪੰਜਾਬ ਵਿਚ ਰਲਵਾਂ-ਮਿਲਵਾਂ ਹੁੰਗਾਰਾ ਹੀ ਮਿਲਿਆ ਹੈ। ਮਾਲਵਾ ਦੇ ਤਿੰਨ ਜ਼ਿਲ੍ਹਿਆਂ ਵਿਚ ਬੰਦ ਕੁਝ ਵੱਧ ਸੀ ਤੇ ਬਾਕੀ ਪੰਜਾਬ ਵਿਚ ਬੰਦ ਦਾ ਅਸਰ ਘੱਟ ਸੀ।

ਸਵੇਰ ਵੇਲੇ ਕਾਫੀ ਥਾਵਾਂ 'ਤੇ ਦੁਕਾਨਾਂ ਤੇ ਕਾਰੋਬਾਰ ਬੰਦ ਸਨ ਪਰ ਦਿਨੇ ਗਿਆਰਾਂ-ਬਾਰਾਂ ਵਜੇ ਤੱਕ ਦੁਕਾਨਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਇਸ ਦੌਰਾਨ ਬੱਸਾਂ, ਰੇਲ ਗੱਡੀਆਂ ਅਤੇ ਨਿਜੀ ਵਾਹਨਾਂ ਦੀ ਆਵਾਜਾਈ ਵੀ ਆਮ ਵਾਂਗ ਜਾਰੀ ਰਹੀ। ਫਿਰੋਜ਼ਪੁਰ ਵਿਚ ਰਾਖਵੇਂਕਰਨ ਦੇ ਹਮਾਇਤੀਆਂ ਤੇ ਵਿਰੋਧੀਆਂ ਵਿਚਾਲੇ ਟਕਰਾਅ ਦੀ ਸਥਿਤੀ ਬਣ ਗਈ, ਜਿਸ ਨੂੰ ਕਾਬੂ ਕਰਨ ਲਈ ਪੁਲੀਸ ਨੂੰ ਹਲਕਾ ਲਾਠੀਚਾਰਜ ਕਰਨਾ ਪਿਆ। ਫਗਵਾੜਾ ਵਿਚ ਵੀ ਦੋਵਾਂ ਧਿਰਾਂ ਵਿਚਾਲੇ ਤਣਾਅ ਦੀ ਸਥਿਤੀ ਬਣੀ, ਜਿਸ ਨੂੰ ਸ਼ਾਂਤ ਕਰ ਲਿਆ ਗਿਆ।

ਪੰਜਾਬ ਪੁਲੀਸ ਦੇ ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਸੂਬੇ ਵਿਚ ਕੁੱਲ ਮਿਲਾ ਕੇ ਸਥਿਤੀ ਸ਼ਾਂਤ ਰਹੀ ਤੇ ਬੰਦ ਦਾ ਸੱਦਾ ਸ਼ਾਂਤਮਈ ਢੰਗ ਨਾਲ ਨਿੱਬੜ ਗਿਆ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਵਿਚ ਪੁਲੀਸ ਨੂੰ ਲਾਠੀਚਾਰਜ ਕਰ ਕੇ ਭੀੜ ਨੂੰ ਖਦੇੜਨਾ ਪਿਆ। ਜਾਣਕਾਰੀ ਅਨੁਸਾਰ ਮਾਲਵਾ ਪੱਟੀ ਦੇ ਤਿੰਨ ਜ਼ਿਲ੍ਹਿਆਂ ਮਾਨਸਾ, ਸੰਗਰੂਰ ਅਤੇ ਬਠਿੰਡਾ ਵਿਚ ਬੰਦ ਦਾ ਅਸਰ ਕੁਝ ਵੱਧ ਸੀ ਤੇ ਬਾਕੀ ਪੰਜਾਬ ਵਿਚ ਘੱਟ। ਬੰਦ ਦੌਰਾਨ ਸੂਬੇ ਦੇ ਵਿਦਿਅਕ ਅਦਾਰੇ ਵੀ ਖੁੱਲ੍ਹੇ ਰਹੇ। ਦੁਕਾਨਦਾਰਾਂ ਨੇ ਸਵੇਰੇ ਤਾਂ ਦੁਕਾਨਾਂ ਨਹੀਂ ਖੋਲ੍ਹੀਆਂ ਸਨ, ਪਰ ਗਿਆਰਾਂ-ਬਾਰਾਂ ਵਜੇ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ। ਬਾਅਦ ਦੁਪਹਿਰ ਕਾਫੀ ਦੁਕਾਨਾਂ ਖੁੱਲ੍ਹ ਗਈਆਂ ਸਨ। ਇਕ-ਦੋ ਥਾਈਂ ਦੁਕਾਨਾਂ ਬੰਦ ਕਰਵਾਉਣ ਦੇ ਮਾਮਲੇ 'ਤੇ ਮਾਮੂਲੀ ਟਕਰਾਅ ਵੀ ਹੋਇਆ। ਪੰਜਾਬ ਵਿਚ ਸ਼ਿਵ ਸੈਨਾ ਨੇ ਬੰਦ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ ਪਰ ਪੁਲੀਸ ਨੇ ਇਸ ਦੇ ਨੇਤਾਵਾਂ ਨੂੰ ਬੰਦ ਤੋਂ ਪਹਿਲਾਂ ਹੀ ਮਨਾ ਲਿਆ ਸੀ।

# ਕਾਂਗਰਸ ਦਫ਼ਤਰ ਨੇੜੇ ਸੱਜਣ ਤੇ ਟਾਈਟਲਰ ਵਿਰੁੱਧ ਰੋਸ ਮੁਜ਼ਾਹਰਾ

**ਨਵੀਂ ਦਿੱਲੀ-** ਸ਼੍ਰੋਮਣੀ ਅਕਾਲੀ ਦਲ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਵਿੱਚ ਨਾਮਜ਼ਦ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਕਾਂਗਰਸ ਵਿੱਚੋਂ ਬਾਹਰ ਕੱਢਣ ਦੀ ਮੰਗ ਕੀਤੀ ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਉੱਤੇ ਭੁੱਖ ਹੜਤਾਲ ਦੌਰਾਨ ਜਾਣਬੁੱਝ ਕੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਨਾਲ ਮੰਚ ਸਾਂਝਾ ਕਰਨ ਦਾ ਦੋਸ਼ ਲਗਾਇਆ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਵਿੱਚ ਅੱਜ ਇੱਥੇ ਅਕਬਰ ਰੋਡ ਉੱਤੇ ਕਾਂਗਰਸ ਮੁੱਖ ਦਫ਼ਤਰ ਨੇੜੇ ਪ੍ਰਦਰਸ਼ਨ ਕਰਦਿਆਂ ਸੈਂਕੜੇ ਸਿੱਖ ਕਾਰਕੁਨਾਂ ਨੇ ਰਾਹੁਲ ਗਾਂਧੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਕਾਰਕੁਨਾਂ ਨੇ ਰੋਸ ਮਾਰਚ ਦੌਰਾਨ ਹੱਥਾਂ 'ਚ ਤਖ਼ਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ 'ਚ ਕਾਂਗਰਸ ਵੱਲੋਂ ਕਾਤਲਾਂ ਨੂੰ ਬਚਾਉਣ ਸਬੰਧੀ ਨਾਅਰੇ ਲਿਖੇ ਹੋਏ ਸਨ। ਅਕਾਲੀ ਆਗੂਆਂ ਨੇ ਟਾਈਟਲਰ ਅਤੇ ਸੱਜਣ ਕੁਮਾਰ ਦੇ ਪੁਤਲੇ ਨੂੰ ਦਰੱਖਤ ਨਾਲ ਲਟਕਾ ਕੇ ਸੰਕੇਤਕ ਫਾਂਸੀ ਦੇਣ ਉਪਰੰਤ ਅੱਗ ਲਾ ਕੇ ਫੂਕਿਆ। ਇਸ ਮੌਕੇ ਮਨਜੀਤ ਸਿੰਘ ਜੀਕੇ, ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿਤ, ਸੀਨੀਅਰ ਮੀਤ ਪ੍ਰਧਾਨ ਹਰਮੀਤ ਸਿੰਘ ਕਾਲਕਾ, ਧਰਮ ਪ੍ਰਚਾਰ ਕਮੇਟੀ ਚੇਅਰਮੈਨ ਪਰਮਜੀਤ ਸਿੰਘ ਰਾਣਾ, ਕਮੇਟੀ ਮੈਂਬਰ ਵਿਕਰਮ ਸਿੰਘ ਰੋਹਿਣੀ, ਸਰਵਜੀਤ ਸਿੰਘ ਵਿਰਕ ਅਤੇ ਅਕਾਲੀ ਆਗੂ ਹਰਬਖ਼ਸ਼ੀਸ਼ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਪੁਲੀਸ ਤੁਗਲਕ ਰੋਡ ਥਾਣੇ ਲੈ ਗਈ।



# ਔਰੀਗਨ ਸੂਬੇ ਦੇ ਅਸਟੋਰੀਆ ਸ਼ਹਿਰ 'ਚ ਗਦਰੀ ਬਾਬਿਆਂ ਦੀ ਯਾਦ ਚ' ਵਿਸ਼ੇਸ ਸਮਾਗਮ





**ਨਿਊਯਾਰਕ, (ਬਿਊਰੋ)-** ਬੀਤੇ ਦਿਨ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਯੂ ਐਸ ਏ ਦੇ ਉੱਦਮ ਅਤੇ ਔਰੀਗਨ ਸਟੇਟ ਦੇ ਅਸਟੋਰੀਆ ਸ਼ਹਿਰ ਦੀ ਸਿਟੀ ਕੌਂਸਲ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਸ਼ਨਿਚਰਵਾਰ 7 ਅਪ੍ਰੈਲ 2018 ਨੂੰ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਜਿਸ ਵਿਚ ਅਜ਼ਾਦੀ ਘੁਲਾਟੀਆਂ ਵਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ ਅਤੇ ਗਦਰ ਮੂਵਮੈਂਟ ਦੇ ਸ਼ਹੀਦਾਂ ਅਤੇ ਸਾਰੇ ਸੇਵਾਦਾਰਾਂ ਦਾ ਮਾਣ ਸਤਿਕਾਰ ਕਰਦਿਆਂ ਇੱਥੋਂ ਦੀ ਮੈਮੋਰੀਅਲ ਪਾਰਕ ਵਿਚ ਇੱਕ (ਸਮਾਰਕ) ਸਾਈਨ ਬੋਰਡ ਲਗਵਾਇਆ ਗਿਆ। ਯਾਦ ਰਹੇ ਇਹ ਬੋਰਡ ਪਹਿਲਾਂ 2013 ਵਿਚ ਲਗਾਇਆ ਗਿਆ ਸੀ। ਨਵਾਂ ਬੋਰਡ ਸਿਟੀ ਨੇ ਆਪਣੇ ਖਰਚ ਤੇ ਲਗਾਇਆ ਹੈ। 100 ਸਾਲ ਤੋਂ ਵੀ ਪਹਿਲਾਂ ਇਸ ਸ਼ਹਿਰ ਵਿਚ ਗਦਰੀ ਬਾਬਿਆਂ ਦੀ ਸਾਰੀ ਹਿਸਟਰੀ ਇੱਕਤਰ ਕਰ ਕੇ ਇੱਕ ਕਿਤਾਬ ਵੀ ਛਾਪੀ ਗਈ ਹੈ ਜੋ ਕਿ ਸਾਡੇ ਅਮੀਰ ਵਿਰਸੇ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਮੌਕੇ ਬੁਲਾਰਿਆਂ ਵਿਚ ਸਟੇਟ ਸੈਨੇਟਰ ਬੈਟਸੀ ਜੌਹਨਸਨ, ਮੇਅਰ ਆਰਲੀਨ ਲਾਮੀਅਰ, ਸਾਬਕਾ ਮੇਅਰ ਵਿਲਸ ਵੈਨ ਡਸਟਨ, ਵੈਨਕੂਵਰ ਵਾਸ਼ਿੰਗਟਨ ਦੇ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸਰਦਾਰ ਗੁਰਜੀਤ ਸਿੰਘ ਰੰਕਾ, ਗੁਰਦੁਆਰਾ ਸਿੰਘ ਸਭਾ ਰੈਂਟਨ ਸਿਆਟਲ ਦੇ ਜਨਰਲ ਸਕੱਤਰ ਸਰਦਾਰ ਅਵਤਾਰ ਸਿੰਘ ਆਦਮਪੁਰੀ, ਸ:ਬਹਾਦਰ ਸਿੰਘ ਉਘੇ ਸਮਾਜ ਸੇਵਕ ਸੇਲਮ (ਔਰੀਗਨ) ਸਰਦਾਰ ਗੁਰਿੰਦਰ ਸਿੰਘ ਖਾਲਸਾ ਚੇਅਰਮੈਨ ਸਿੱਖ ਪੈਕ ਇੰਡੀਆਨਾ ਤੋਂ, ਸਰਦਾਰ ਸੁਖਪਾਲ ਸਿੰਘ ਧਨੋਆ ਪੀ ਟੀ ਸੀ ਨਿਊਜ਼, ਜੋਹਾਨਾ ਔਗਡਨ, ਡਾ; ਜਸਵਿੰਦਰ ਕੌਰ ਜੁਜੀਨ ਔਰੀਗਨ, ਸਤ ਹਨੂਮਾਨ ਸਿੰਘ ਖਾਲਸਾ ਸੈਲਡਫ (ਗੋਰਾ ਸਿੱਖ) ਅਤੇ ਨਵਨੀਤ ਕੌਰ ਸੇਲਮ ਤੋਂ। ਇਸ ਸਮਾਗਮ ਵਿਚ ਲਗਭਗ 200 ਦੇ ਕਰੀਬ ਲੋਕਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਬਹੁਤ ਸਾਰੇ ਅਮਰੀਕਨ ਗੋਰਿਆਂ ਤੋਂ ਇਲਾਵਾ ਸਿਆਟਲ, ਸੇਲਮ, ਵੈਨਕੂਵਰ ਵਾਸ਼ਿਗਟਨ, ਹੇਵਰਟ ਵੀਵਰਟਨ, ਜੁਜੀਨ ਔਰੀਗਨ, ਇੰਡੀਆਨਾ ਆਦਿ ਤੋਂ ਨਾਮਵਰ ਸ਼ਖਸ਼ੀਅਤਾਂ ਸ਼ਾਮਲ ਹੋਈਆਂ। ਕੁਲਜੀਤ ਸਿੰਘ ਵੈਨਕੂਵਰ ਵਾਸ਼ਿੰਗਟਨ ਦੀ ਭੰਗੜਾ ਟੀਮ ਨੇ ਵੀ ਚੰਗਾ ਰੰਗ ਬੰਨਿਆਂ। ਇਸ ਮੌਕੇ ਅਸਟੋਰੀਆ ਸਿਟੀ ਦੀ ਕੌਂਸਲ ਵਲੋਂ ਬਾਹਰੋਂ ਆਏ ਗੈਸਟਾਂ ਲਈ ਦੁਪਹਿਰ ਦਾ ਖਾਣਾ ਅਤੇ ਵਿਸ਼ੇਸ਼ ਚੌਕਲੇਟ ਵੀ ਵੰਡੀ ਗਈ। ਗੋਰਿਆਂ ਦੀ ਪ੍ਰਾਣਚਾਰੀ ਨੇ ਸਿੰਘਾਂ ਦੇ ਮਨ ਮੋਹ ਲਏ। ਜ਼ਿਕਰਯੋਗ ਹੈ ਕਿ ਗਦਰੀ ਬਾਬਿਆਂ ਨੂੰ ਸਮਰਪਿਤ ਸਮਾਗਮ ਹੁਣ ਸ਼ਹਿਰ ਅਸਟੋਰੀਆ ਵਿਚ ਹਰ ਸਾਲ ਜੁਲਾਈ ਮਹੀਨੇ ਦੇ ਦੂਜੇ ਹਫਤੇ ਸ਼ਨਿਚਰਵਾਰ ਨੂੰ ਹੋਇਆ ਕਰੇਗਾ। ਸੈਨੇਟਰ ਜੌਹਨਸਨ ਨੇ ਕਿਹਾ ਕਿ ਗਦਰੀ ਬਾਬਿਆਂ ਦਾ ਪ੍ਰਸਤਾਵ ਉਹ ਸੈਨਿਟ ਵਿਚ ਰੱਖਣਗੇ ਤਾਂ ਕਿ ਉਨ੍ਹਾਂ ਨੂੰ ਵਿਸ਼ੇਸ਼ ਮਾਨਤਾ ਮਿਲ ਸਕੇ।

## ਕੈਪਟਨ ਪੜ੍ਹਾਉਣਗੇ ਪੁਲਿਸ ਅਫ਼ਸਰਾਂ ਨੂੰ ਅਨੁਸ਼ਾਸਨ ਦਾ ਪਾਠ

**ਚੰਡੀਗੜ੍ਹ-** ਪੰਜਾਬ ਪੁਲਿਸ ਦੇ ਸਿਖਰਲੇ ਅਧਿਕਾਰੀਆਂ ਦਰਮਿਆਨ ਛਿੜੀ ਖਾਨਾਜੰਗੀ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੀਜੀਪੀ ਅਤੇ ਵਧੀਕ ਡੀਜੀਪੀ ਪੱਧਰ ਦੇ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਮੀਟਿੰਗ ਸੱਦ ਲਈ ਹੈ। ਮੁੱਖ ਮੰਤਰੀ ਦਫ਼ਤਰ ਵੱਲੋਂ ਡੀਜੀਪੀ ਨੂੰ ਭੇਜੀ ਗਈ ਸੂਚਨਾ ਮੁਤਾਬਕ ਬੁੱਧਵਾਰ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਦਫ਼ਤਰ ਵਿੱਚ ਇਹ ਮੀਟਿੰਗ ਹੋਵੇਗੀ। ਤਿੰਨ ਡੀਜੀਪੀ ਰੈਂਕ ਦੇ ਅਧਿਕਾਰੀਆਂ ਸੁਰੇਸ਼ ਅਰੋੜਾ, ਸਿਧਾਰਥ ਚਟੋਪਾਧਿਆਏ ਅਤੇ ਦਿਨਕਰ ਗੁਪਤਾ ਦਰਮਿਆਨ ਚੱਲ ਰਹੇ 'ਗ੍ਰਹਿ ਯੁੱਧ' ਕਾਰਨ ਪੁਲੀਸ ਵਿਭਾਗ ਅਤੇ ਸਰਕਾਰ ਦੀ ਹਾਲਤ ਬੇਹੱਦ ਕਸੂਤੀ ਬਣੀ ਹੋਈ ਹੈ। ਸੂਤਰਾਂ ਮੁਤਾਬਕ ਪੁਲੀਸ ਅਧਿਕਾਰੀਆਂ ਦੀ ਲੜਾਈ ਦੇ ਭਿਆਨਕ ਸਿੱਟਿਆਂ ਨੂੰ ਭਾਂਪਦਿਆਂ ਮੁੱਖ ਮੰਤਰੀ ਨੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਨ ਦਾ ਫ਼ੈਸਲਾ ਲਿਆ ਹੈ। ਮੀ-ਟਿੰਗ ਵਿੱਚ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਅਤੇ ਹੋਰ ਅਧਿਕਾਰੀਆਂ ਨੂੰ ਵੀ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਸੂਬੇ ਵਿੱਚ ਇਸ ਸਮੇਂ ਡੀਜੀਪੀ ਰੈਂਕ ਦੇ 11 ਅਧਿਕਾਰੀ ਹਨ ਅਤੇ 1984 ਬੈਚ ਦੇ ਅਧਿਕਾਰੀ ਸਾਮੰਤ ਗੋਇਲ ਲੰਮੇ ਸਮੇਂ ਤੋਂ ਕੇਂਦਰ ਸਰਕਾਰ ਵਿੱਚ ਡੈਪੂਟੇਸ਼ਨ 'ਤੇ ਹਨ। ਸਰਕਾਰ ਵੱਲੋਂ ਹਾਲ ਹੀ 'ਚ ਆਈਜੀ ਰੈਂਕ ਦੇ 8 ਅਧਿ-ਕਾਰੀਆਂ ਨੂੰ ਏਡੀਜੀਪੀ ਬਣਾਉਣ ਮਗਰੋਂ ਵਧੀਕ ਡੀਜੀਪੀਜ਼ ਦੀ ਗਿਣਤੀ ਵੀ 18 ਤੱਕ ਪਹੁੰਚ ਗਈ ਹੈ। ਸੂਤਰਾਂ ਨੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਦੀ ਸਲਾਹ 'ਤੇ ਇਹ ਬੈਠਕ ਹੋ ਰਹੀ ਹੈ। ਮੀਟਿੰਗ ਦੌਰਾਨ ਸਾਰੇ ਪੁਲੀਸ ਅਧਿਕਾਰੀਆਂ ਨੂੰ ਅਨੁਸ਼ਾਸਨ 'ਚ ਰਹਿਣ ਦਾ ਪਾਠ ਵੀ ਪੜ੍ਹਾਇਆ ਜਾਵੇਗਾ। ਪੁਲੀਸ ਅਧਿਕਾਰੀਆਂ ਦਰਮਿਆਨ ਛਿੜੇ ਰੱਫੜ ਤੋਂ ਬਾਅਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਮੁੱਖ ਮੰਤਰੀ ਦੀ ਮੌਜੂਦਗੀ ਵਿੱਚ ਪੁਲੀਸ ਮੁਖੀ ਸੁਰੇਸ਼ ਅਰੋੜਾ ਸਮੇਤ ਡੀਜੀਪੀ ਰੈਂਕ ਦੇ ਦੋ



ਅਧਿਕਾਰੀ ਸਿਧਾਰਥ ਚਟੋਪਾਧਿਆਏ ਅਤੇ ਵਧੀਕ ਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਦਾ ਟਾਕਰਾ ਹੋਵੇਗਾ। ਮੀਟਿੰਗ ਦੌਰਾਨ ਪੁਲੀਸ ਅਧਿਕਾਰੀਆਂ ਦੇ ਟਕਰਾਅ ਦੀ ਤਾਂ ਕੋਈ ਗੁੰਜਾਇਸ਼ ਨਹੀਂ ਹੈ ਪਰ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਿਲੇ-ਸ਼ਿਕਵੇ ਦੂਰ ਕਰਨ ਦਾ ਇਹ ਢੁੱਕਵਾਂ ਪਲੇਟਫਾਰਮ ਹੋ ਸਕਦਾ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਵਿਸ਼ੇਸ਼ ਟਾਸਕ ਫੋਰਸ (ਐਸ ਟੀ ਐਫ) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਦਾ ਟਕਰਾਅ ਭਾਵੇਂ ਐਸ ਚਟੋਪਾਧਿਆਏ ਵਾਂਗ ਜਨਤਕ ਰੂਪ ਵਿੱਚ ਸਾਹਮਣੇ ਨਹੀਂ ਆਇਆ ਪਰ ਦੋਹਾਂ ਅਧਿਕਾਰੀਆਂ (ਅਰੋੜਾ-ਗੁਪਤਾ) ਨਾਲ ਪਿਛਲੇ ਕਈ ਮਹੀਨਿਆਂ ਤੋਂ ਚੱਲਦੀ ਅੰਦਰੂਨੀ ਜੰਗ ਦੀ ਅੱਗ ਅੰਦਰੋਂ ਅੰਦਰੀ ਪੂਰੀ ਤਰ੍ਹਾਂ ਸੁਲਗ਼ ਰਹੀ ਹੈ। ਸਰਕਾਰ ਵੱਲੋਂ ਪੁਲੀਸ ਅਧਿਕਾਰੀਆਂ ਦੇ ਦੋ ਦਿਨ ਪਹਿਲਾਂ ਕੀਤੇ ਤਬਾਦਲਿਆਂ ਦੌਰਾਨ ਹਰਪ੍ਰੀਤ ਸਿੰਘ ਸਿੱਧੂ ਦੇ ਪਰ ਕੁਤਰਨ ਤੋਂ ਬਾਅਦ ਅੰਦਰੂਨੀ ਖਹਿਬਾਜ਼ੀ ਹੋਰ ਵੀ ਤੇਜ਼ ਹੋ ਗਈ ਦੱਸੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਐਸ. ਚਟੋਪਾਧਿਆਏ ਨੇ ਸੁਰੇਸ਼ ਅਰੋੜਾ ਅਤੇ ਦਿਨਕਰ ਗੁਪਤਾ ਖ਼ਿਲਾਫ਼ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਪਟੀਸ਼ਨ ਰਾਹੀਂ ਸਨਸਨੀਖੇਜ਼ ਦੋਸ਼ ਲਾਏ ਸਨ। ਇਸ ਤੋਂ ਬਾਅਦ ਸਰਕਾਰ ਨੇ ਮਾਮਲੇ ਦੀ ਪੜਤਾਲ ਲਈ 3 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਸੀ।

## ਸਰਕਾਰੀ ਸਕੂਲ ਵਿਚ ਪੜ੍ਹ ਕੇ ਸਤਵੀਰ ਕੌਰ ਜੱਜ ਬਣੀ

**ਫਰੀਦਕੋਟ-** ਫਰੀਦਕੋਟ ਦੀ ਰਹਿਣ ਵਾਲੀ ਸਤਵੀਰ ਕੌਰ ਨੇ ਪੀ. ਸੀ. ਐਸ. ਜੂਡੀਸ਼ੀਅਲ ਦੇ ਐਲਾਨੇ ਨਤੀਜਿਆਂ 'ਚ ਰਾਖਵੀਂ ਕੈਟਾਗਰੀ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਤਵੀਰ ਕੌਰ ਨੇ ਆਪਣੀ 12ਵੀਂ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਤੇ ਫਿਰ ਬਾਬਾ ਫਰੀਦ ਲਾਅ ਕਾਲਜ ਤੋਂ ਬੀ. ਏ. ਐਲ. ਐਲ. ਬੀ. ਦੀ ਡਿਗਰੀ ਕੀਤੀ ਤੇ ਪੂਰੀ ਮਿਹਨਤ ਤੇ ਲਗਨ ਨਾਲ ਇਸ ਪ੍ਰੀਖਿਆ ਦੀ ਤਿਆਰੀ ਕੀਤੀ। ਸਤਵੀਰ ਇਕ ਮਿਡਲ ਕਾਲਸ ਪਰਿਵਾਰ ਦੀ ਧੀ ਹੈ, ਜਿਸ ਦੇ ਪਿਤਾ ਗੁਰਨਾਮ ਸਿੰਘ ਇਕ ਤਰਖਾਣ ਹਨ। ਸਤਵੀਰ ਦੀ ਪੜ੍ਹਾਈ 'ਚ ਉਸ ਦੇ ਚਾਚਾ ਜਸਵੀਰ ਸਿੰਘ ਨੇ ਪੂਰਾ ਸਹਿਯੋਗ ਦਿੱਤਾ ਤੇ ਉਸ ਦਾ ਸੁਪਨਾ ਸਾਕਾਰ ਕੀਤਾ। ਸਤਵੀਰ ਕੌਰ ਨੇ ਕਿਹਾ ਕਿ ਸਾਰੇ ਬੱਚਿਆਂਨੂੰ ਉਹ ਇਹ ਕਹਿਣਾ ਚਾਹੁੰਦੀ ਹੈ ਕਿ ਉਹ ਪੂਰੀ ਲਗਨ ਤੇ ਮਿਹਨਤ ਨਾਲ ਖੁਦ ਪੜ੍ਹ ਕੇ ਵੀ ਆਪਣੇ ਟੀਚੇ ਨੂੰ ਪ੍ਰਾਪਤ ਕਰ ਸਕਦੇ ਹਨ।




A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2

Rio Linda, CA 95673

Amarjit Sandhu


## ਕਰਨਾਟਕ ਚੋਣਾਂ: ਭਾਜਪਾ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

**ਨਵੀਂ ਦਿੱਲੀ-** ਕਰਨਾਟਕ ਵਿਧਾਨ ਸਭਾ ਚੋਣਾਂ ਲਈ ਰਾਤ ਭਾਜਪਾ ਨੇ 72 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।

ਇੱਥੇ ਹੋਈ ਭਾਜਪਾ ਦੇ ਕੇਂਦਰੀ ਚੋਣ ਬੋਰਡ ਦੀ ਮੀਟਿੰਗ ਵਿੱਚ ਉਮੀਦਵਾਰਾਂ ਦੀ ਸੂਚੀ ਨੂੰ ਮਨਜ਼ੂਰੀ ਦਿੱਤੀ ਗਈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀ ਪ੍ਰਧਾਨਗੀ ਵਿੱਚ ਹੋਈ ਬੈਠਕ 'ਚ ਪ੍ਰਧਾਨ ਮੰਤਰੀ ਵੀ ਸ਼ਾਮਲ ਹੋਏ। ਪ੍ਰਮੁੱਖ ਉਮੀਦਵਾਰਾਂ ਵਿੱਚ ਭਾਜਪਾ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਬੀ ਐਸ ਯੇਦੀਯੁਰੱਪਾ ਨੂੰ ਸ਼ਿਕਾਰੀਪੁਰਾ ਤੋਂ ਅਤੇ ਐਸ ਈਸ਼ਵਰੱਪਾ ਨੂੰ ਸਮੂਹ ਤੋਂ ਟਿਕਟ ਦਿੱਤੀ ਗਈ ਹੈ।

## ਭਾਰਤੀ ਨਿਸ਼ਾਨੇਬਾਜ਼ ਹੀਨਾ ਸਿੱਧੂ ਨੇ ਜਿੱਤਿਆ ਗੋਲਡ ਮੈਡਲ

**ਬ੍ਰਿਸਬਨ/ਗੋਲਡ ਕੋਸਟ-** ਭਾਰਤੀ ਨਿਸ਼ਾਨੇਬਾਜ਼ ਹੀਨਾ ਸਿੱਧੂ ਨੇ ਖੇਡਾਂ ਦੇ ਨਵੇਂ ਰਿਕਾਰਡ ਨਾਲ ਅੱਜ ਇੱਥੇ 21ਵੀਆਂ ਰਾਸ਼ਟਰਮੰਡਲ ਖੇਡਾਂ ਦੌਰਾਨ ਸੋਨ ਤਗ਼ਮਾ ਜਿੱਤਿਆ, ਜਦਕਿ ਪੈਰਾ ਪਾਵਰਲਿਫਟਰ ਸਚਿਨ ਚੌਧਰੀ ਨੇ ਡੋਪਿੰਗ ਦੇ ਇਤਿਹਾਸ ਨੂੰ ਪਿੱਛੇ ਛੱਡਦਿਆਂ ਕਾਂਸੀ ਦਾ ਤਗ਼ਮਾ ਆਪਣੇ ਨਾਮ ਕੀਤਾ। ਵੇਟਲਿਫਟਰਾਂ ਦੀ ਮੁਹਿੰਮ ਖ਼ਤਮ ਹੋ ਗਈ ਹੈ ਅਤੇ ਕੁਸ਼ਤੀ ਅਜੇ ਸ਼ੁਰੂ ਨਹੀਂ ਹੋਈ। ਹਾਲਾਂਕਿ ਸੱਤਵੇਂ ਦਿਨ ਭਾਰਤ ਦੀ ਤਗਮੇ ਜਿੱਤਣ ਦੀ ਮੁਹਿੰਮ ਹੌਲੀ ਰਹੀ, ਫਿਰ ਵੀ ਭਾਰਤ 11 ਸੋਨੇ, ਚਾਰ ਚਾਂਦੀ ਅਤੇ ਛੇ ਕਾਂਸੀ ਸਣੇ 21 ਤਗਮਿਆਂ ਨਾਲ ਤੀਜੇ ਸਥਾਨ 'ਤੇ ਕਾਇਮ ਹੈ। ਮੁੱਕੇਬਾਜ਼ ਅਜੇ ਤਗ਼ਮੇ ਦੇ ਗੇੜ ਵਿੱਚ ਹੀ ਪਹੁੰਚੇ, ਇਸ ਲਈ ਭਾਰਤ ਦੇ ਨਾਮ ਅੱਜ ਜ਼ਿਆਦਾ ਤਗ਼ਮੇ ਨਹੀਂ ਹਨ। ਮੇਜ਼ਬਾਨ ਆਸਟਰੇਲੀਆ ਅਜੇ ਵੀ 50 ਸੋਨ ਤਗ਼ਮਿਆਂ ਨਾਲ ਚੋਟੀ 'ਤੇ ਬਣਿਆ ਹੋਇਆ ਹੈ। ਭਾਰਤ ਦੇ ਪੰਜ ਮੁੱਕੇਬਾਜ਼ਾਂ ਅਮਿਤ ਪੰਘਲ (46-49 ਕਿਲੋ), ਨਮਨ ਤੰਵਰ (91), ਹੁਸਾਮੁਦੀਨ ਮੁਹੰਮਦ (56 ਕਿਲੋ), ਮਨੋਜ ਕੁਮਾਰ (69 ਕਿਲੋ) ਅਤੇ ਸਤੀਸ਼ ਕੁਮਾਰ (91 ਕਿਲੋ ਤੋਂ ਵੱਧ) ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੁੱਕੇਬਾਜ਼ੀ ਦੇ ਸੈਮੀ ਫਾਈਨਲ ਵਿੱਚ ਪਹੁੰਚ ਕੇ ਦੇਸ਼ ਲਈ ਪੰਜ ਤਗ਼ਮੇ ਪੱਕੇ ਕੀਤੇ। ਐਮਸੀ ਮੇਰੀਕੌਮ ਪਹਿਲਾਂ ਹੀ ਸੈਮੀ ਫਾਈਨਲ ਵਿੱਚ ਪੁੱਜ ਗਈ ਸੀ, ਇਸ ਲਈ ਭਾਰਤ ਦੇ ਛੇ ਤਗ਼ਮਿਆਂ 'ਤੇ ਕਬਜ਼ਾ ਹੋ ਗਿਆ ਹੈ ਹੀਨਾ ਸਿੱਧੂ ਨੇ ਮਹਿਲਾਵਾਂ ਦੇ 25 ਮੀਟਰ ਪਿਸਟਲ ਮੁਕਾਬਲੇ ਵਿੱਚ ਰਿਕਾਰਡ ਬਣਾਉਂਦਿਆਂ ਸੋਨ ਤਗ਼ਮਾ ਜਿੱਤ ਲਿਆ ਹੈ। ਹੀਨਾ ਦਾ ਇਹ ਪਹਿਲਾ ਵਿਅਕਤੀਗਤ ਸੋਨ ਤਗ਼ਮਾ ਹੈ ਅਤੇ ਗੋਲਡ ਕੋਸਟ ਖੇਡਾਂ ਦਾ ਦੂਜਾ ਤਗ਼ਮਾ ਹੈ।



# ਹੁਸ਼ਿਆਰਪੁਰ ਤੋਂ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੀ ਪੰਜਵੀ ਵਿਸ਼ਾਲ ਸ਼ੋਭਾ ਯਾਤਰਾ





**ਹੁਸ਼ਿਆਰਪੁਰ–** 9 ਅਪ੍ਰੈਲ ਨੂੰ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ 127 ਜਨਮ ਦਿਨ ਤੇ ਵਿਸ਼ਾਲ ਸੋਭਾ ਯਾਤਰਾ ਅੰਬੇਡਕਰ ਸੈਨਾ ਦੇ ਜਿਲ੍ਹਾ ਪ੍ਰਧਾਨ ਜਤਿੰਦਰ ਭੋਲੂ ਦੀ ਅਗਵਾਈ ਸੋਭਾ ਯਾਤਰਾ ਗੁਰੂ ਰਵਿਦਾਸ ਚੋਕ ਰਹੀਮਪੁਰ ਤੋਂ ਆਰੰਭ ਹੋ ਕੇ ਸਰਕਾਰੀ ਕਾਲਜ ਚੋਕ, ਸੈਸਨ ਚੋਕ, ਘੰਟਾ ਘਰ ਆਦਿ ਸਮੇਤ ਵੱਖ ਵੱਖ ਬਾਜਾਰਾ ਤੋਂ ਹੁੰਦੀ ਹੋਈ ਡਾ ਬੀ ਆਰ ਅੰਬੇਡਕਰ ਚੋਕ ਬੱਸ ਅੱਡਾ ਵਿਖੇ ਸਮਾਪਤ ਹੋਈ ਇਸ ਸੋਭਾ ਯਾਤਰਾ ਚ ਸੰਤ ਸੀਤਲ ਦਾਸ ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਪੰਜਾਬ ਕਾਲੇ ਭਗਤਾ ਵਿਸੇਸ਼ ਤੋਰ ਤੇ ਸਾਮਲ ਹੋਏ ਇਨ੍ਹਾਂ ਤੋਂ ਇਲਾਵਾ ਦਲਿਤ ਜਥੇਬੰਦੀਆਂ ਸਤਿਕਾਰ ਗੁਰੂ ਰਵਿਦਾਸ ਮਿਸ਼ਨ ਸੋਸਾਇਟੀ, ਭਾਰਤੀ ਵਾਲਮੀਕਿ ਧਰਮ ਸਮਾਜ, ਗੁਰੂ ਰਵਿਦਾਸ ਸੰਗਠਨ ਪੰਜਾਬ, ਐਸ ਸੀ ਫੈਡਰੇਸ਼ਨ ਪੰਜਾਬ, ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ, ਭਗਵਾਨ ਵਾਲਮੀਕ ਗੁਰੂ ਰਵਿਦਾਸ ਸੈਨਾ ਹੁਸਿਆਰਪੁਰ,ਡਾ ਅੰਬੇਡਕਰ ਲੋਕ ਭਲਾਈ ਸੋਸਾਇਟੀ, ਰਵਿਦਾਸੀਆ ਏਕਤਾ ਦਲ,ਜਨ ਸੇਵਾ ਦਲ ਹੁਸ਼ਿਆਰਪੁਰ, ਠੇਕੇਦਾਰ ਭਗਵਾਨ ਦਾਸ,ਪ੍ਰਸ਼ੋਤਮ ਹੀਰ ਜਿਲ੍ਹਾ ਪ੍ਰਧਾਨ ਬਸਪਾ ਹੁਸਿਆਰਪੁਰ, ਬੀਬੀ ਮਹਿੰਦਰ ਕੋਰ ਹਲਕਾ ਬਸਪਾ ਪ੍ਰਧਾਨ ਹੁਸਿਆਰਪੁਰ, ਇਸਤਰੀ ਸਭਾ ਸੋਸਾਇਟੀ ਹੁਸਿਆਰਪੁਰ,



ਵਿਜੇ ਪਾਲ ਮੱਟੂ ਸਾਬਕਾ ਪ੍ਰਧਾਨ ਗੁਰੂ ਰਵਿਦਾਸ ਨੋਜਵਾਨ ਸਭਾ ਰਹੀਮਪੁਰ, ਵਿੱਕੀ ਪਾਲ, ਸੁਖਦੇਵ ਬਿੱਟਾ ਸਰਪੰਚ ਹਰਦੋਖ ਖਾਨਪੁਰ, ਦਲਜੀਤ ਰਾਏ ਬਸਪਾ, ਉਂਕਾਰ ਸਿੰਘ ਝੰਮਟ ਬਸਪਾ ਹੁਸਿਆਰਪੁਰ, ਸੰਦੀਪ ਕੁਮਾਰ ਐਨ ਆਰ ਆਈ ਵਿੰਗ ਦੋਹਾਂ ਕਤਰ,ਅਮਨ ਸਰਪੰਚ ਚੱਗਰ ਹੁਸਿਆਰਪੁਰ, ਡਾ ਅਜੇ ਮੱਲ, ਪਲਵਿੰਦਰ ਨਾਣੀ, ਅਮਰਜੀਤ ਕੁਮਾਰ ਭੱਟੀ, ਇੰਜ ਮਹਿੰਦਰ ਸਿੰਘ ਸੰਧਰਾ ਬਸਪਾ, ਮਨਿੰਦਰ ਸੇਰਪੁਰੀ, ਗਗਨਦੀਪ ਸੈਣੀ, ਰਵੀ ਥੱਥਲਾ,ਵਿਸਲ ਆਦੀਆ, ਸਤਵਿੰਦਰ ਮਿੱਟੂ, ਡਾ ਦਵਿੰਦਰ ਸਰੋਆ, ਜਸਵੰਤ ਬਿਸੋਈ, ਪਵਨ ਕੁਮਾਰ ਤਾਜੋਵਾਲ, ਪਰਮਜੀਤ ਬੰਬੇਲੀ, ਡਾ ਬੀ ਆਰ ਭਾਟੀਆ, ਗੋਲਡੀ ਚੱਕ ਸਾਧੂ,ਭੱਟੀ ਚੋਹਾਲ, ਪ੍ਰਸੋਤਮ ਦੀਪ, ਹੰਸ ਰਾਜ, ਵਾਸੂਦੇਵ, ਸੁਖਵਿੰਦਰ ਸੁੱਖਾ, ਬਲਵੀਰ ਸਿੰਘ, ਅਮਨ ਸਰੋਆ, ਨਰਿੰਦਰ ਕੁਮਾਰ, ਸੁਰਜੀਤ ਚੋਪੜਾ ਨੇ ਹਮਾਇਤ ਦਿੱਤੀ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਪ੍ਰੈਲ ਮਹੀਨੇ ਹੋਣ ਵਾਲੇ ਪ੍ਰੋਗਰਾਮ



### ਜਨਮ ਉਤਸਵ ਡਾ. ਬੀ. ਆਰ. ਅੰਬੇਦਕਰ 13,14,15 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ

13 ਅਪ੍ਰੈਲ 2018 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

14 ਅਪ੍ਰੈਲ 2018 ਦਿਨ ਸ਼ਨਿਚਰਵਾਰ ਸੰਗਰਾਂਦ ਮਹੀਨੇ ਵੈਸਾਖਿ-ਸ਼ਾਮ ਦੇ ਦੀਵਾਨਾਂ ਵਿਚ 6 ਤੋਂ8 ਵਜੇ ਤੱਕ ਸੰਗਰਾਂਦ ਮਨਾਈ ਜਾਵੇਗੀ।

15 ਅਪ੍ਰੈਲ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ, ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ।

### ਵਿਸਾਖੀ

ਮਿਤੀ 20,21, 22 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ

20 ਅਪ੍ਰੈਲ 2018 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

22 ਅਪ੍ਰੈਲ 2018 ਦਿਨ ਐਤਵਾਰ, ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ, ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ ਜੀ।

### ਪ੍ਰਕਾਸ਼ ਪੁਰਬ ਸਤਿਗੁਰੂ ਧੰਨਾ ਜੀ

27, 28, 29 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨੀਚਰਵਾਰ, ਐਤਵਾਰ

27 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ

29 ਅਪ੍ਰੈਲ 2018 ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ ਜੀ।

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

# ਸਰਦਾਰ ਨਿਰਮਲ ਸਿੰਘ ਦੜੌਚ ਨੂੰ ਸਦਮਾ, ਮਾਤਾ ਰਾਮ ਪਿਆਰੀ ਜੀ ਦਾ ਦਿਹਾਂਤ

**ਨਿਊਯਾਰਕ –** ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸਰਦਾਰ ਨਿਰਮਲ ਸਿੰਘ ਦੜੌਚ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਹਨਾਂ ਦੇ ਮਾਤਾ ਜੀ ਸ੍ਰੀਮਤੀ ਰਾਮ ਪਿਆਰੀ (ਸੁਪਤਨੀ ਸ੍ਰੀ ਕੇਵਲ ਰਾਮ ਜੀ) ਜੋ ਕਿ ਇੰਡੀਆ ਆਪਣੇ ਘਰ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਪਣੇ ਪਿੰਡ ਛੋਟੀਆਂ ਭੰਗਲਾਂ (ਅਮਰਗੜ) ਜਿਲਾ ਨਵਾਂਸ਼ਹਿਰ ਗਏ ਹੋਏ ਸਨ ਅਚਾਨਕ ਦਿਲ ਦਾ ਦੌਰਾ ਪੈ ਜਾਣ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹਨਾਂ ਦੇ ਅਕਾਲ ਚਲਾਣੇ ਦੀ ਖਬਰ ਸੁਣਦਿਆਂ ਹੀ ਸਰਦਾਰ ਨਿਰਮਲ ਦੜੌਚ ਤੁਰੰਤ ਆਪਣੇ ਪਰਿਵਾਰ ਤੇ ਭਰਾ ਅਮਰੀਕ ਦੜੌਚ ਤੇ ਅਮਰ ਦੜੌਚ ਨਾਲ ਪੰਜਾਬ ਲਈ ਰਵਾਨਾ ਹੋ ਗਏ ਹਨ ਤਾਂ ਜੋ ਆਪਣੀ ਮਾਂ ਦੀਆਂ ਅੰਤਿਮ ਰਸਮਾ ਨਿਭਾਅ ਸਕਣ। ਰਿਸ਼ਤੇਦਾਰਾਂ ਅਤੇ ਸਕੇ ਸਬੰਧੀਆਂ ਦੇ ਵਿਦੇਸ਼ਾਂ ਵਿਚੋਂ ਪਹੁੰਚਣ ਉਪਰੰਤ ਮਾਤਾ ਜੀ ਦਾ ਅੰਤਿਮ ਸੰਸਕਾਰ ਕਰ ਦਿੱਤਾ ਜਾਵੇਗਾ। ਇਸ ਦੁੱਖ ਦੀ ਘੜੀ ਵਿਚ ਨੰਦ ਲਾਲ, ਭੋਲਾ ਕਲੇਰ,ਸੁਰਿੰਦਰ ਕੁਮਾਰ ਪਾਲ, ਕੇਵਲ ਸਿੰਘ,ਹਰਮੇਸ਼ ਸਿੰਘ ਬਸਰਾ, ਗੁਰਨਾਮ ਸਿੰਘ ਵਿਰਦੀ, ਪਰਮਜੀਤ ਸਿੰਘ ਫਿਲੌਰ, ਭੁਪਿੰਦਰ ਸਿੰਘ, ਚਰਨਜੀਤ ਸਿੰਘ ਝੱਲੀ, ਹੈਪੀ ਝੰਮਟ, ਧੀਰਜ ਕੁਮਾਰ, ਗੁਰਦਿਆਲ ਸਿੰਘ ਜੱਬੋਵਾਲ, ਅਮਰਜੀਤ ਸਿੰਘ ਰਾਏ, ਅਵਤਾਰ ਸਿੰਘ (ਸਿੰਘ ਫ਼ਾਰਮ) ਚਰਨਜੀਤ ਬਸਰਾ, ਬੂਟਾ ਸਿੰਘ, ਸੰਤੋਖ ਬੰਗਾ, ਸੁੱਖ ਬਸਰਾ, ਮਨੋਹਰ ਕਲੇਰ, ਰਾਜ ਕੁਮਾਰ ਝੱਲੀ, ਸੂਰਜ ਪ੍ਰਕਾਸ਼, ਡੀ. ਕੇ. ਵਾਗਲਾ, ਕੁੱਲਵਿੰਦਰ ਸਿੰਘ,ਰਾਜੂ ਪਾਲ, ਇਕਬਾਲ ਸਿੰਘ ਜੱਬੋਵਾਲੀਆ, ਗੁਰਮੇਲ ਸਿੰਘ ਅਸ਼ਵਨੀ ਕੁਮਾਰ, ਲੱਖੀ ਗਿੱਲ, ਬਲਵਿੰਦਰ ਸਿੰਘ ਬਾਜਵਾ, ਜਸਵੰਤ ਸਿੰਘ ਬੰਗਾ ਹਰਪਿੰਦਰ ਸਿੰਘ ਬਿੱਟੂ ਤੇ ਬਾਬਾ ਨਾਜਰ ਤੋਂ ਇਲਾਵਾ ਹੋਰ ਬਹੁਤ ਸਾਰੇ ਸੱਜਣਾਂ ਸਨੇਹੀਆਂ, ਜਸਵਿੰਦਰ ਸਿੰਘ ਬਿੱਲਾ, ਰੇਸ਼ਮ ਜਿੰਦੋਵਾਲ, ਸਤਨਾਮ ਸਿੰਘ ਝਿੰਗੜਾ, ਅਮਰਜੀਤ ਸਿੰਘ ਬਿੱਲਾ ਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਦੀ ਸਮੁੱਚੇ ਮੈਂਬਰਾਂ ਤੇ ਹੋਰ ਸੈਂਕੜੇ ਸੱਜਣਾਂ ਨੇ ਨਿਰਮਲ ਸਿੰਘ ਦੜੌਚ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਮਾਤਾ ਰਾਮ ਪਿਆਰੀ ਜੀ ਦੀ ਆਤਮਾ ਨੂੰ ਅਕਾਲ ਪੁਰਖ ਦੇ ਚਰਨਾ ਵਿਚ ਸਥਾਨ ਮਿਲਣ ਦੀ ਅਰਦਾਸ ਕੀਤੀ। ਨਿਰਮਲ ਸਿੰਘ ਦੜੌਚ ਨਾਲ ਇੰਡੀਆ ਵਿਚ ਦੁੱਖ ਦਾ ਪ੍ਰਗਟਾਵਾ ਕਰਨ ਲਈ 001-1823-232253, 001-94658-86085 ਆਦਿ ਨੰਬਰਾਂ 'ਤੇ ਕਾਲ ਕੀਤੀ ਜਾ ਸਕਦੀ ਹੈ। ਅਦਾਰਾ 'ਦੇਸ਼ ਦੁਆਬਾ' ਵੱਲੋਂ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦੜੋਚ ਅਤੇ ਸੱਲਣ ਪਰਿਵਾਰਾਂ ਨਾਲ ਦੁੱਖ ਪ੍ਰਗਟ ਕਰਦਾ ਹੈ।



# ਪਤਨੀ ਨੂੰ ਨਾਲ ਰਹਿਣ ਵਾਸਤੇ ਮਜਬੂਰ ਨਹੀਂ ਕਰ ਸਕਦਾ ਪਤੀ- ਸੁਪਰੀਮ ਕੋਰਟ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਆਖਿਆ ਹੈ ਕਿ ਪਤਨੀ ਕੋਈ ਸੰਪਤੀ ਜਾਂ ਸ਼ੈਅ ਨਹੀ ਜਿਸ ਨੂੰ ਉਸ ਦੇ ਪਤੀ ਨਾਲ ਰਹਿਣ ਲਈ ਮਜਬੂਰ ਕੀਤਾ ਜਾ ਸਕਦਾ ਹੋਵੇ।

ਸੁਪਰੀਮ ਕੋਰਟ ਨੇ ਇਹ ਖ਼ਿਆਲ ਇਕ ਅਜਿਹੇ ਮਾਮਲੇ ਦੀ ਸੁਣਵਾਈ ਦੌਰਾਨ ਪ੍ਰਗਟ ਕੀਤੇ ਹਨ ਜਿਸ ਵਿਚ ਇਕ ਔਰਤ ਨੇ ਆਪਣੇ ਪਤੀ ਉਪਰ ਉਸ 'ਤੇ ਜ਼ੁਲਮ ਢਾਹੁਣ ਦੇ ਦੋਸ਼ ਹੇਠ ਇਕ ਫ਼ੌਜਦਾਰੀ ਕੇਸ ਦਰਜ ਕਰਵਾਇਆ ਸੀ। ਔਰਤ ਦਾ ਇਹ ਵੀ ਕਹਿਣਾ ਸੀ ਕਿ ਹੁਣ ਭਾਵੇਂ ਉਸ ਦਾ ਪਤੀ ਉਸ ਨੂੰ ਨਾਲ ਰੱਖਣਾ ਚਾਹੁੰਦਾ ਹੈ ਪਰ ਤਾਂ ਵੀ ਉਹ ਉਸ ਦੇ ਨਾਲ ਨਹੀਂ ਰਹਿਣਾ ਚਾਹੁੰਦੀ। ਜਸਟਿਸ ਮਦਨ ਬੀ ਲੋਕੁਰ ਤੇ ਦੀਪਕ ਗੁਪਤਾ ਦੇ ਬੈਂਚ ਨੇ ਅਦਾਲਤ ਵਿੱਚ ਮੌਜੂਦ ਸ਼ਿਕਾਇਤਕਰਤਾ ਔਰਤ ਦੇ ਪਤੀ ਨੂੰ ਕਿਹਾ '' ਉਹ ਕੋਈ ਚੱਲ ਸੰਪਤੀ ਨਹੀ ਹੈ। ਤੁਸੀਂ ਉਸ ਨੂੰ ਮਜਬੂਰ ਨਹੀਂ ਕਰ ਸਕਦੇ। ਉਹ ਤੁਹਾਡੇ ਨਾਲ ਨਹੀਂ ਰਹਿਣਾ ਚਾਹੁੰਦੀ।

ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਤੁਸੀਂ ਉਸ ਦੇ ਨਾਲ ਰਹਿਣਾ ਚਾਹੁੰਦੇ ਹੋ।'' ਬੈਂਚ ਨੇ ਉਸ ਸ਼ਖ਼ਸ ਨੂੰ ਉਸ ਦੀ ਪਤਨੀ ਦੇ ਵਕੀਲ ਦੇ ਉਸ ਨਾਲ ਨਾ ਰਹਿਣ ਦੇ ਸਪੱਸ਼ਟ ਬਿਆਨ ਦੇ ਮੱਦੇਨਜ਼ਰ ਨਾਲ ਰਹਿਣ ਦੇ ਆਪਣੇ ਫ਼ੈਸਲੇ ਤੇ ਮਨਸ਼ਾ ਬਾਰੇ ਮੁੜ ਵਿਚਾਰ ਕਰਨ ਲਈ ਆਖਿਆ। ਜੱਜਾਂ ਨੇ ਉਸ ਬੰਦੇ ਦੇ ਵਕੀਲ ਨੂੰ ਸੰਬੋਧਨ ਕਰਦਿਆਂ ਕਿਹਾ '' ਚੰਗੀ ਗੱਲ ਹੈ ਕਿ ਤੁਸੀ ਇਸ ਬਾਰੇ ਮੁੜ ਸੋਚ ਵਿਚਾਰ ਕਰ ਲਵੋ। ਤੁਸੀਂ ਇੰਨੇ ਬੇਤੁਕੇ ਕਿਵੇਂ ਹੋ ਸਕਦੇ ਹੋ? ਤੁਸੀਂ ਉਸ ਨੂੰ ਮਾਲ ਅਸਬਾਬ ਸਮਝਿਆ ਹੋਇਆ ਹੈ। ਉਹ ਕੋਈ ਵਸਤੂ ਨਹੀਂ ਹੈ।'' ਇਸ ਦੇ ਨਾਲ ਹੀ ਬੈਂਚ ਨੇ ਮਾਮਲੇ 'ਤੇ ਸੁਣਵਾਈ 8 ਅਗਸਤ ਤੱਕ ਮੁਲਤਵੀ ਕਰ ਦਿੱਤੀ। ਉਸ ਦੇ ਵਕੀਲ ਨੇ ਬੈਂਚ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੇ ਮੁਵੱਕਿਲ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇਗਾ।

ਇਸ ਦੌਰਾਨ, ਉਸ ਔਰਤ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਉਹ ਜ਼ੁਲਮੋ-ਸਿਤਮ ਦੀ ਇਸ ਬਿਨਾਅ 'ਤੇ ਆਪਣੇ ਪਤੀ ਤੋਂ ਤਲਾਕ ਲੈਣਾ ਚਾਹੁੰਦੀ ਹੈ। ਉਸ ਦੇ ਵਕੀਲ ਨੇ ਕਿਹਾ '' ਅਸੀਂ ਆਈਪੀਸੀ ਦੀ ਧਾਰਾ 498ਏ ਕਿਸੇ ਵਿਆਹੁਤਾ ਔਰਤ ਉਪਰ ਅੱਤਿਆਚਾਰ ਕਰਨਾ ਦਾ ਕੇਸ ਵਾਪਸ ਲੈਣਾ ਚਾਹੁੰਦੇ ਹਾਂ। ਅਸੀਂ ਕਿਸੇ ਤਰ੍ਹਾਂ ਦੇ ਗੁਜ਼ਾਰੇ ਭੱਤੇ ਦੀ ਵੀ ਮੰਗ ਨਹੀਂ ਕਰਦੇ। ਉਹ ਬਸ ਉਸ ਨਾਲ ਰਹਿਣਾ ਨਹੀਂ ਚਾਹੁੰਦੀ।''

ਪਹਿਲਾਂ ਅਦਾਲਤ ਨੇ ਕਿਹਾ ਸੀ ਕਿ ਪਤੀ-ਪਤਨੀ ਪੜ੍ਹੇ ਲਿਖੇ ਹਨ ਜਿਸ ਕਰ ਕੇ ਉਹ ਆਪਣਾ ਵਿਆਹੁਤਾ ਝਗੜਾ ਸੁਲ੍ਹਾ ਰਾਹੀਂ ਨਿਪਟਾ ਸਕਦੇ ਹਨ ਕਿਉਂਕਿ ਮੁਕੱਦਮਾ ਲੰਬਾ ਸਮਾਂ ਲਟਕ ਸਕਦਾ ਹੈ।

ਬਾਅਦ ਵਿੱਚ ਸੁਪਰੀਮ ਕੋਰਟ ਨੂੰ ਇਤਲਾਹ ਦਿੱਤੀ ਗਈ ਸੀ ਕਿ ਝਗੜਾ ਸੁਲ੍ਹਾ ਦੀਆਂ ਕੋਸ਼ਿਸ਼ਾਂ ਰਾਹੀਂ ਹੱਲ ਨਹੀਂ ਹੋ ਸਕਿਆ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

ਦੇਸ਼ ਦੁਆਬਾ

# ਇਕ ਵਿਚਾਰਧਾਰਾ ਦਾ ਨਾਂ ਡਾ. ਅੰਬੇਡਕਰ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ 127ਵਾਂ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਬਾਬਾ ਸਾਹਿਬ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ 'ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ 'ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਪਰ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਤੱਕ ਸਮੇਂ ਦੀਆਂ ਸਰਕਾਰਾਂ ਦੁਆਰਾ ਸਦੀਆਂ ਤੋਂ ਲਤਾੜੇ ਗਏ ਵਰਗ ਨੂੰ ਬਰਾਬਰ ਨਹੀਂ ਖੜ੍ਹਾ ਕੀਤਾ ਜਾਂਦਾ।

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਵੇਂ ਬਾਬਾ ਸਾਹਿਬ ਦੇ ਜਨਮ ਦਿਨ ਮਨਾਉਣ ਦੀ, ਖਾਸ ਕਰਕੇ ਪਿਛਲੇ ਸਾਲ 126ਵਾਂ ਅਤੇ ਇਸ ਸਾਲ 127ਵਾਂ ਜਨਮ ਦਿਨ ਮਨਾਉਣ 'ਚ ਰੁਚੀ ਦਿਖਾਈ ਜਾ ਰਹੀ ਹੈ, ਕਿੰਨਾ ਚੰਗਾ ਹੋਵੇਗਾ ਜੇਕਰ ਡਾ. ਅੰਬੇਡਕਰ ਵੱਲੋਂ ਦਿੱਤੀ ਸੰਵਿਧਾਨਕ ਨਸੀਹਤ ਧਿਆਨ ਵਿਚ ਰੱਖ ਕੇ, ਭਾਰਤ ਸਰਕਾਰ ਤੇ ਉਥੋਂ ਦੀਆਂ ਰਾਜ ਸਰਕਾਰਾਂ ਅਮਲੀ ਰੂਪ 'ਚ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਵੀ ਸੁਹਿਰਦਤਾ ਨਾਲ ਕੰਮ ਕਰਨ। ਇਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

ਅਦਾਰਾ 'ਦੇਸ਼ ਦੁਆਬਾ' ਬਾਬਾ ਸਾਹਿਬ ਦੇ ਜਨਮ ਦਿਨ ਤੇ ਆਪਣੇ ਸਾਰੇ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# 'ਭਾਰਤ ਬੰਦ' ਬਨਾਮ ਨੀਵੇਂ ਊਚੇ ਦਾ ਸਵਾਲ



ਕਰਮਜੀਤ ਸਿੰਘ

ਪੰਜ ਸਦੀਆਂ ਤੋਂ ਵੀ ਉਪਰ ਵੇਲਿਆਂ ਦੀ ਹੰਝੂਆਂ ਭਿੱਜੀ ਦਾਸਤਾਨ ਹੈ ਜਦੋਂ ਮਹਾਨ ਦਾਨਿਸ਼ਵਰ ਸੰਤ ਕਬੀਰ ਨੇ ਆਪਣੀ ਹੀ ਕਿਸਮ ਦਾ ਲਾਜਵਾਬ ਤਰਕ ਪੇਸ਼ ਕਰਦਿਆਂ ਉੱਚੀਆਂ ਜਾਤੀਆਂ ਵਾਲਿਆਂ ਨੂੰ ਸਵਾਲ ਕੀਤਾ ਸੀ ਕਿ ਜਦੋਂ ਸਾਰੇ ਜਣੇ ਇੱਕੋ ਰਸਤੇ ਰਾਹੀਂ ਹੀ ਇਸ ਧਰਤੀ 'ਤੇ ਆਉਂਦੇ ਹਨ ਤਾਂ ਫਿਰ ਤੁਸੀਂ ਕਿਉਂ 'ਬ੍ਰਾਹਮਣ' ਬਣ ਗਏ? ਤੇ ਅਸੀਂ ਕਿਉਂ 'ਸ਼ੂਦਰ' ਬਣਾ ਦਿੱਤੇ ਗਏ? ਮਗਰੋਂ ਗੁਰੂ ਨਾਨਕ ਸਾਹਿਬ ਨੇ ਵੀ ਗੁਰਬਾਣੀ ਰਾਹੀਂ ਕਬੀਰ ਦੇ ਰੱਬੀ ਤਰਕ ਉਤੇ ਮੋਹਰ ਲਾਉਂਦਿਆਂ ਇਹ ਐਲਾਨਨਾਮਾ ਜਾਰੀ ਕਰ ਦਿੱਤਾ ਕਿ ਮੈਂ ਉਨ੍ਹਾਂ ਲੋਕਾਂ ਦੇ ਨਾਲ ਖੜ੍ਹਾ ਹਾਂ, ਜਿਨ੍ਹਾਂ ਨੂੰ ਸਮਾਜ 'ਅਤਿ ਨੀਚ' ਕਹਿੰਦਾ ਆ ਰਿਹਾ ਹੈ। ਗੁਰੂ ਨਾਨਕ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਨ ਵਾਲੀ ਇੱਕ ਰਾਜਸੀ ਪਾਰਟੀ ਨੂੰ ਉਹ ਕਿਹੜੀ ਮਜਬੂਰੀ ਬਣ ਗਈ ਸੀ ਕਿ ਉਸ ਨੇ ਚੁੱਪ ਰਹਿ ਕੇ ਭਾਰਤ ਬੰਦ ਦਾ ਵਿਰੋਧ ਕੀਤਾ? ਦੋ ਅਪਰੈਲ ਨੂੰ 'ਭਾਰਤ ਬੰਦ' ਦੌਰਾਨ ਸਾਰਾ ਗੁੱਸਾ ਅਤੇ ਰੋਸ ਉਂਜ ਤਾਂ ਮੁਲਕ ਦੀ ਸਰਬਉੱਚ ਅਦਾਲਤ ਵੱਲੋਂ ਐਸਸੀ/ਐਸਟੀ ਐਕਟ ਵਿੱਚ ਸੋਧ ਦੇ ਫੈਸਲੇ ਖ਼ਿਲਾਫ਼ ਹੀ ਸੀ, ਪਰ ਕਿਸੇ ਡੂੰਘੀ ਤੇ ਅਣਦਿਸਦੀ ਤਹਿ ਵਿੱਚ ਸਵਾਲ ਉਹੋ ਸੀ ਅਤੇ ਅੱਜ ਵੀ ਉਹ ਸਵਾਲ ਜਿਉਂ ਦਾ ਤਿਉਂ ਖੜ੍ਹਾ ਹੈ ਜੋ ਉੱਚੀਆਂ ਜਾਤੀਆਂ ਨੂੰ ਪੁੱਛ ਰਿਹਾ ਹੈ ਕਿ ਅਸੀਂ ਕਿਉਂ ਨੀਵੇਂ? ਤੁਸੀਂ ਕਿਉਂ ਉੱਚੇ?

ਇਹ ਗੱਲ ਵੀ ਹੈਰਾਨ ਕਰਨ ਵਾਲੀ ਹੈ ਕਿ ਬਹੁਤੀਆਂ ਅਖਬਾਰਾਂ, ਟੀਵੀ ਚੈਨਲਾਂ ਅਤੇ ਰਾਜਸੀ ਆਗੂਆਂ ਦੇ ਬਿਆਨਾਂ ਦਾ ਕੇਂਦਰ ਬਿੰਦੂ ਭਾਰਤ ਬੰਦ ਦੌਰਾਨ ਵਾਪਰੀ 'ਹਿੰਸਾ' ਦੀ ਨਿਖੇਧੀ ਉਤੇ ਹੀ ਟਿਕ ਗਿਆ, ਪਰ ਸਦੀਆਂ ਤੋਂ ਉਠਦੇ ਆ ਰਹੇ ਇਸ ਸਵਾਲ ਨੂੰ ਫਿਰ ਇੱਕ ਵਾਰ ਘੱਟੇ ਕੌਡੀਆਂ ਰੋਲ ਦਿੱਤਾ ਗਿਆ ਕਿ ਕੋਈ ਕਿਉਂ ਨੀਵਾਂ ਹੈ ਅਤੇ ਕੋਈ ਕਿਉਂ ਉੱਚਾ ਹੈ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਲੀ ਦੇ ਕਿਸੇ ਸਮਾਗਮ ਵਿੱਚ ਕੀਤੀ ਇਹ ਟਿੱਪਣੀ ਵੀ ਦਿਲਚਸਪ ਵਿਰੋਧਤਾਈ ਦਾ ਪ੍ਰਤੀਕ ਹੀ ਆਖੀ ਜਾਏਗੀ ਕਿ ਜਿੰਨਾ ਮਾਣ ਸਤਿਕਾਰ ਉਨ੍ਹਾਂ ਦੀ ਸਰਕਾਰ ਨੇ ਦਲਿਤਾਂ ਦੇ ਮਸੀਹਾ ਡਾ. ਅੰਬੇਡਕਰ ਨੂੰ ਬਖਸ਼ਿਆ, ਓਨਾ ਮਾਣ ਕਿਸੇ ਹੋਰ ਸਰਕਾਰ ਨੇ ਨਹੀਂ ਦਿੱਤਾ। ਪਰ ਪ੍ਰਧਾਨ ਮੰਤਰੀ ਨੇ ਇਸ ਸਵਾਲ ਨੂੰ ਫਿਰ ਮੌਜ ਨਾਲ ਟਾਲ ਦਿੱਤਾ ਕਿ ਡਾ. ਅੰਬੇਡਕਰ ਦੀ ਬਰਾਦਰੀ ਦੇ ਸਤਾਏ ਹੋਏ ਲੋਕ ਆਖ਼ਰਕਾਰ ਭਾਰਤ ਬੰਦ ਕਰਨ ਲਈ ਮਜਬੂਰ ਕਿਉਂ ਹੋਏ? ਡਾ. ਅੰਬੇਡਕਰ ਦਾ ਸਤਿਕਾਰ ਅਤੇ ਮਾਣ, ਡਾ. ਅੰਬੇਡਕਰ ਦੀ ਬਰਾਦਰੀ ਦੇ ਸਤਿਕਾਰ ਤੇ ਮਾਣ ਦਾ ਹਿੱਸਾ ਅੱਜ ਤੱਕ ਕਿਉਂ ਨਹੀਂ ਬਣਿਆ? ਅੱਜ ਵੀ ਨੈਸ਼ਨਲ ਕਰਾਈਮ ਰਿਕਾਰਡ ਬਿਓਰੋ (ਐਨਸੀਆਰਬੀ) ਦੇ ਅੰਕੜਿਆਂ ਮੁਤਾਬਕ ਹਰ ਰੋਜ਼ ਚਾਰ ਤੋਂ ਉਪਰ ਦਲਿਤ ਔਰਤਾਂ ਬਲਾਤਕਾਰ ਦੀ ਸ਼ਿਕਾਰ ਕਿਉਂ ਹੁੰਦੀਆਂ ਹਨ? ਅਜੇ ਤਾਂ ਉਹ ਔਰਤਾਂ ਇਸ ਰਿਕਾਰਡ ਦਾ ਕਦੇ ਵੀ ਹਿੱਸਾ ਨਹੀਂ ਬਣੀਆਂ ਜੋ ਦੂਰ-ਦੁਰਾਡੇ ਪਿੰਡਾਂ ਵਿੱਚ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ, ਪਰ ਸਮਾਜ ਵਿੱਚ ਬਦਨਾਮੀ ਦੇ ਡਰੋਂ ਜਾਂ ਹੋਰ ਕਈ ਕਾਰਨਾਂ ਕਰ ਕੇ ਆਪਣੇ ਨਾਲ ਖ਼ੌਫ਼ਨਾਕ ਤੇ ਕੌੜੀਆਂ ਯਾਦਾਂ ਲੈ ਕੇ ਹੀ ਜਿਊਂਦੀਆਂ ਅਤੇ ਮਰਦੀਆਂ ਹਨ। ਗੋਆ ਇੰਸਟੀਚਿਊਟ ਵਿੱਚ ਕੰਮ ਕਰਦੇ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਵਿਦਵਾਨ ਅਨੰਦ ਟੈਲਮਦੀ ਦਾ ਸਿਆਸੀ ਸਰਵੇਖਣ ਤਾਂ ਇਹ ਕਹਿੰਦਾ ਹੈ ਕਿ ਹਰ ਇੱਕ ਘੰਟੇ ਪਿੱਛੇ 6 ਦਲਿਤ ਔਰਤਾਂ ਉੱਚੀਆਂ ਜਾਤੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀਆਂ ਹਨ।




ਅਸੀਂ ਸਿਰਫ ਜਿਸਮਾਨੀ ਹਿੰਸਾ ਤੱਕ ਹੀ ਆਪਣੇ ਆਪ ਨੂੰ ਸੀਮਤ ਕਰ ਲੈਂਦੇ ਹਾਂ ਪਰ ਮਨੋਵਿਗਿਆਨਕ ਹਿੰਸਾ ਦਾ ਜ਼ਿਕਰ ਘੱਟ ਹੀ ਕਰਦੇ ਹਾਂ। ਨਾ ਹੀ ਕਦੇ ਉਸ ਹਿੰਸਾ ਦਾ ਜ਼ਿਕਰ ਕਰਦੇ ਹਾਂ ਜੋ ਉੱਚੀਆਂ ਜਾਤੀਆਂ ਦੀਆਂ ਜੀਭਾਂ ਅਤੇ ਉਨ੍ਹਾਂ ਦੇ ਬੋਲਾਂ ਵਿੱਚ ਵਸਦਾ ਹੈ। ਅਮਰੀਕਾ ਦੀ ਇੱਕ ਕੇਬਲ ਅਤੇ ਨੈੱਟਵਰਕ ਏਜੰਸੀ ਸੀ ਐਨ ਐਨ ਨੇ ਕੁਝ ਦਲਿਤ ਔਰਤਾਂ ਨਾਲ ਉਨ੍ਹਾਂ ਦੇ ਅੰਦਰਲੇ ਦੁੱਖ ਦਰਦ ਨੂੰ ਫਰੋਲਣ ਲਈ ਵਿਸ਼ੇਸ਼ ਮੁਲਾਕਾਤਾਂ ਕੀਤੀਆਂ। ਇੱਕ ਔਰਤ ਨੇ ਕਿਹਾ ਕਿ ਸਾਨੂੰ ਤਾਂ ਸਮਾਜ ਆਸਾਨੀ ਨਾਲ ਹੀ ਆਪਣਾ ਸ਼ਿਕਾਰ ਬਣਾ ਲੈਂਦਾ ਹੈ। ਇੱਕ ਹੋਰ ਦਲਿਤ ਔਰਤ ਦਾ ਦਰਦ ਹੈ: ਅਸੀਂ ਤਾਂ ਉੱਚੀਆਂ ਜਾਤਾਂ ਦੇ ਘਰਾਂ ਵਿੱਚ ਦਾਖਲ ਵੀ ਨਹੀਂ ਹੋ ਸਕਦੇ। ਸਾਨੂੰ ਪਿਆਸ ਲੱਗਦੀ ਹੈ ਤਾਂ ਅਸੀਂ ਬੁੱਕ ਅੱਗੇ ਕਰਦੇ ਹਾਂ ਅਤੇ ਉਹ ਉਤੋਂ ਪਾਣੀ ਸੁੱਟਦੇ ਹਨ। ਇੱਕ ਹੋਰ ਦਲਿਤ ਔਰਤ ਆਪਣਾ ਦੁੱਖ ਇਹ ਕਹਿ ਕੇ ਸਾਂਝਾ ਕਰਦੀ ਹੈ ਕਿ ਉੱਚੀਆਂ ਜਾਤੀਆਂ ਵਾਲੇ ਸਾਨੂੰ ਗੰਦੇ ਗੰਦੇ ਸ਼ਬਦ ਬੋਲ ਕੇ ਜ਼ਲੀਲ ਕਰਦੇ ਹਨ। ਉਹ ਬਲਾਤਕਾਰ ਕਰਦੇ ਹਨ ਪਰ ਉਨ੍ਹਾਂ ਕੋਲ ਪੈਸਾ, ਸਿਫ਼ਾਰਸ਼ ਤੇ ਤਾਕਤ ਹੁੰਦੀ ਹੈ, ਉਹ ਬਚ ਨਿਕਲਦੇ ਹਨ।

ਅੱਜ ਵੀ ਦਲਿਤਾਂ ਉਤੇ ਹੋਣ ਵਾਲੇ ਅੱਤਿਆਚਾਰਾਂ ਦੀਆਂ ਕਈ ਕਿਸਮਾਂ ਹਨ। ਜੇ ਉਹ ਕੋਈ ਛੋਟੀ ਮੋਟੀ ਗਲਤੀ ਵੀ ਕਰ ਲੈਂਦੇ ਹਨ ਤਾਂ ਉਨ੍ਹਾਂ ਦੇ ਗਲ ਜੁੱਤੀਆਂ ਦਾ ਹਾਰ ਪਾਇਆ ਜਾਂਦਾ ਹੈ। ਖੂਹਾਂ ਅਤੇ ਨਲਕਿਆਂ ਤੋਂ ਉਹ ਪਾਣੀ ਨਹੀਂ ਭਰ ਸਕਦੇ, ਉਨ੍ਹਾਂ ਦੀ ਜਾਤ ਦਾ ਨਾਂ ਲੈ ਕੇ ਉਨ੍ਹਾਂ ਨੂੰ ਗੰਦੀਆਂ ਗਾਲਾਂ ਕੱਢੀਆਂ ਜਾਂਦੀਆਂ ਹਨ। ਮੁਟਿਆਰਾਂ ਨਾਲ ਛੇੜਖਾਨੀ ਤਾਂ ਆਮ ਜਿਹੀ ਗੱਲ ਹੈ। ਕਿਤੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਡਰਾ ਧਮਕਾ ਕੇ ਚੋਣ ਮੁਕਾਬਲਿਆਂ ਵਿੱਚ ਨਾਮਜ਼ਦਗੀ ਦੇ ਕਾਗਜ਼ ਭਰਨ ਦੀ ਖੁੱਲ੍ਹ ਨਹੀਂ ਮਿਲਦੀ, ਕਦੇ ਉਨ੍ਹਾਂ ਨੂੰ ਬੇਇੱਜ਼ਤ ਕਰਨ ਲਈ ਸਰੇਬਾਜ਼ਾਰ ਨੰਗਾ ਕੀਤਾ ਜਾਂਦਾ ਹੈ। ਕਦੇ ਉਨ੍ਹਾਂ ਨੂੰ ਹੁਕਮ ਜਾਰੀ ਹੁੰਦਾ ਹੈ ਕਿ ਪਿੰਡ ਛੱਡ ਕੇ ਕਿਤੇ ਹੋਰ ਚਲੇ ਜਾਣ। 2016 ਦੀ ਇੱਕ ਰਿਪੋਰਟ ਦੱਸਦੀ ਹੈ ਕਿ ਉਸ ਸਾਲ ਵਿੱਚ 50 ਹਜ਼ਾਰ ਔਰਤਾਂ ਤਸ਼ੱਦਦ ਦਾ ਸ਼ਿਕਾਰ ਹੋਈਆਂ। ਗੁਜਰਾਤ ਦਾ ਉਹ ਸੂਬਾ, ਜਿਸ ਨੂੰ ਮਾਡਲ ਸਟੇਟ ਜਾਂ ਨਮੂਨੇ ਦਾ ਰਾਜ ਕਹਿ ਕੇ ਪ੍ਰਚਾਰਿਆ ਜਾਂਦਾ ਹੈ, ਉਥੇ ਹਾਲਤ ਇਹ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ ਦਲਿਤਾਂ ਉੱਤੇ ਅੱਤਿਆਚਾਰ 500 ਫੀਸਦੀ ਵਧੇ ਹਨ; ਹਾਲਾਂਕਿ ਉਸ ਰਾਜ ਵਿੱਚ ਮੁੱਖ ਮੰਤਰੀ ਔਰਤ ਸੀ। ਕਈ ਵਾਰ ਅਦਾਲਤਾਂ ਵਿੱਚ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ। ਸਾਲ 2002 ਦੀ ਗੱਲ ਹੈ, ਜਦੋਂ ਝੱਜਰ ਵਿੱਚ 5 ਦਲਿਤਾਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਪਰ ਅਦਾਲਤ ਨੇ ਐਸਸੀ/ਐਸਟੀ ਐਕਟ ਅਧੀਨ ਦੋਸ਼ੀਆਂ ਉਤੇ ਕੇਸ ਦਰਜ ਹੀ ਨਾ ਕੀਤਾ, ਕਿਉਂਕਿ ਅਦਾਲਤ ਦਾ ਤਰਕ ਸੀ ਕਿ ਦੋਸ਼ੀਆਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਜਿਹੜੇ ਮਰੇ, ਉਹ ਦਲਿਤ ਸਨ। ਜਦੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਐਸਸੀ/ਐਸਟੀ ਐਕਟ ਦੀ ਦੁਰਵਰਤੋਂ ਕਰ ਕੇ ਕਈ ਵਾਰ ਨਿਰਦੋਸ਼ ਬੰਦਿਆਂ ਨੂੰ ਫਸਾਇਆ ਜਾਂਦਾ ਹੈ ਤਾਂ ਫਿਰ ਅਨੰਦ ਟੈਲਮਦੀ ਦਾ ਕਹਿਣਾ ਹੈ ਕਿ ਕਾਨੂੰਨਾਂ ਦੀ ਦੁਰਵਰਤੋਂ ਤਾਂ ਉੱਚ ਘਰਾਣਿਆਂ ਦੇ ਖਾਂਦੇ ਪੀਂਦੇ ਲੋਕ ਕਰਦੇ ਹਨ। ਕਿਸੇ ਗਰੀਬ ਮਜ਼ਦੂਰ ਦੀ ਹਿੰਮਤ ਅਤੇ ਹੌਸਲਾ ਹੀ ਨਹੀਂ ਹੁੰਦਾ ਕਿ ਉਹ ਕਿਸੇ ਉੱਚੀ ਜਾਤੀ ਖ਼ਿਲਾਫ਼ ਸ਼ਿਕਾਇਤ ਲੈ ਕੇ ਪੁਲੀਸ ਕੋਲ ਚਲਾ ਜਾਵੇ।

ਦਲਿਤ ਭਾਈਚਾਰੇ ਨੂੰ ਖੁਸ਼ ਕਰਨ ਜਾਂ ਚੁੱਪ ਕਰਾਉਣ ਲਈ ਡਾ. ਅੰਬੇਡਕਰ ਦੇ ਬੁੱਤ ਲਾਏ ਜਾਂਦੇ ਹਨ। ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਹੋ ਰਹੀਆਂ ਹਨ ਪਰ ਸਭ ਜਾਣਦੇ ਹਨ ਕਿ ਸਮਾਂ ਬੀਤਣ ਨਾਲ ਬੁੱਤ ਜ਼ਿੰਦਗੀ ਵਿੱਚ ਖੜੋਤ ਦਾ ਪ੍ਰਤੀਕ ਬਣ ਕੇ ਰਹਿ ਜਾਂਦੇ ਹਨ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜੇ ਇੱਕ 'ਅੰਬੇਡਕਰ' ਬੁੱਤ ਵਿੱਚ ਹੈ ਤਾਂ ਫਿਰ ਇੱਕ ਹੋਰ ਜਿਊਂਦਾ ਜਾਗਦਾ 'ਅੰਬੇਡਕਰ' ਹੁਣ ਸੜਕਾਂ ਉਤੇ ਕਿਉਂ ਆ ਗਿਆ? ਇਹ ਚੇਤੇ ਰੱਖਣ ਵਾਲੀ ਵੀ ਗੱਲ ਹੈ ਕਿ ਇੱਕ 'ਅੰਬੇਡਕਰ' ਹੁਣ ਮੱਧ ਵਰਗ ਦੇ ਰੂਪ ਵਿੱਚ ਵੀ ਸਾਡੇ ਸਾਹਮਣੇ ਆ ਗਿਆ ਹੈ, ਜੋ ਸੁਚੇਤ ਹੈ, ਜਗਦਾ-ਮਘਦਾ ਹੈ, ਜਗਾਉਂਦਾ ਵੀ ਹੈ, ਜੁਝਾਰੂ ਵੀ ਹੈ ਅਤੇ ਬੇਰੁਜ਼ਗਾਰ ਵੀ ਹੈ। ਉਹ ਹੁਣ ਪ੍ਰਾਈਵੇਟ ਸੰਸਥਾਵਾਂ ਵਿੱਚ ਰਿਜ਼ਰਵੇਸ਼ਨ ਦੀ ਮੰਗ ਕਰ ਰਿਹਾ ਹੈ। ਇੱਕ ਹੋਰ ਅੰਬੇਡਕਰ ਸਿਆਸੀ ਤੌਰ 'ਤੇ ਚੇਤੰਨ ਹੈ, ਆਪਣੇ ਹੱਕਾਂ ਬਾਰੇ ਜਾਣਦਾ ਹੈ, ਉਸ ਨੂੰ ਆਪਣੇ ਪੁਰਖਿਆਂ ਉੱਤੇ ਹੋਏ ਜ਼ੁਲਮਾਂ ਖ਼ਿਲਾਫ਼ ਗੁੱਸਾ ਹੈ। ਦੱਬਿਆਂ ਕੁਚਲਿਆਂ ਦਾ ਇੱਕ ਹੋਰ ਪ੍ਰਸਿੱਧ ਲੇਖਕ ਵਿਲੀਅਮ ਫਾਕਨਰ ਕਹਿੰਦਾ ਹੈ ਕਿ 'ਅਤੀਤ ਕਦੇ ਵੀ ਮਰਦਾ ਨਹੀਂ, ਉਹ ਅਗਲੀਆਂ ਪੀੜ੍ਹੀਆਂ ਦੇ ਖ਼ੂਨ ਵਿੱਚੋਂ ਬੋਲਦਾ ਹੈ ਅਤੇ ਜਦੋਂ ਇਨ੍ਹਾਂ ਪੀੜ੍ਹੀਆਂ ਦੇ ਲੋਕ ਕਈ ਵਾਰ ਹਿੰਸਾ ਦਾ ਰਾਹ ਅਖ਼ਤਿਆਰ ਕਰ ਵੀ ਲੈਂਦੇ ਹਨ ਤਾਂ ਇਸ ਪਿੱਛੇ ਸਦੀਆਂ ਦੀ ਪੀੜ, ਨਮੋਸ਼ੀ, ਜ਼ਲਾਲਤ, ਬੇਬਸੀ ਅਤੇ ਤਨ-ਮਨ ਵਿੱਚ ਇਕੱਠੇ ਹੋਏ ਜ਼ੁਲਮਾਂ ਦੇ ਤੂਫ਼ਾਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।' 'ਧਰਤੀ ਦੇ ਦੁਖੀਏ' ਕਿਤਾਬ ਦਾ ਮਹਾਨ ਲੇਖਕ ਫ੍ਰਾਂਸਿਸ ਮੈਨਨ ਇਸੇ ਦਰਦ ਦੀ ਵਿਆਖਿਆ ਕਰਦਾ ਹੋਇਆ ਸਾਨੂੰ ਯਾਦ ਕਰਾਉਂਦਾ ਹੈ ਕਿ 'ਹਿੰਸਾ ਵਿੱਚ ਮਨੁੱਖ ਆਪਣੀ ਆਪ ਦੀ ਮੁੜ ਮੁੜ ਸਿਰਜਣਾ ਕਰਦਾ ਹੈ, ਮੁੜ ਮੁੜ ਜਿਊਂਦਾ ਹੈ।' ਹਿੰਸਾ ਬਿਨਾ ਸ਼ੱਕ ਮਾੜੀ ਹੈ ਅਤੇ ਗਲਤ ਵੀ ਹੈ, ਪਰ ਇਤਿਹਾਸ ਨੂੰ ਸੁੱਚੇ ਜਜ਼ਬਿਆਂ ਦੀ ਅੱਖ ਨਾਲ ਵੇਖਣ ਵਾਲੇ ਵਿਦਵਾਨਾਂ ਨੂੰ ਦਲਿਤਾਂ ਦੀ ਪੀੜ ਨੂੰ ਹਿੰਸਾ ਅਤੇ ਅਹਿੰਸਾ ਵਰਗੇ ਸੰਕਲਪਾਂ ਤੋਂ ਉਪਰ ਉੱਠ ਕੇ ਹੀ ਹਿੰਸਾ ਦੀ ਵਿਆਖਿਆ ਕਰਨੀ ਚਾਹੀਦੀ ਹੈ। ਭਾਰਤੀ ਰਾਜਨੀਤੀ ਦੀ ਡੂੰਘੀ ਜਾਣਕਾਰ ਅਤੇ ਜਵਾਹਰ ਲਾਲ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਦੇ ਅਹੁਦੇ ਤੇ ਕੰਮ ਕਰ ਚੁੱਕੀ ਸੁਧਾ ਪਾਈ ਦੀ ਆਕਸਫੋਰਡ ਯੂਨੀਵਰਸਿਟੀ ਵੱਲੋਂ ਛਾਪੀ ਪੁਸਤਕ 'ਦਲਿਤ ਅਸਰਸ਼ਨ' ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਜਿਸ ਵਿੱਚ ਦਲਿਤ ਰਾਜਨੀਤੀ ਦਾ ਡੂੰਘਾ ਤੇ ਗਹਿਰ ਗੰਭੀਰ ਵਿਸ਼ਲੇਸ਼ਣ ਕੀਤਾ ਗਿਆ ਹੈ।

ਇਹ ਵਿਦਵਾਨ ਲੇਖਕ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਹੁਣ ਦਲਿਤਾਂ ਨੇ ਆਪਣੀ ਵੱਖਰੀ ਪਛਾਣ ਵੀ ਸਥਾਪਿਤ ਕਰ ਲਈ ਹੈ ਅਤੇ ਇਸ ਪਛਾਣ 'ਤੇ ਉਹ ਮਾਣ ਵੀ ਕਰਦੇ ਹਨ ਅਤੇ ਦਬਕਾ ਵੀ ਮਾਰਦੇ ਹਨ। ਉਹ ਦਲਿਤਾਂ ਦੀ ਉਨਤੀ, ਉਨ੍ਹਾਂ ਦੀ ਸੀਮਾਵਾਂ ਤੇ ਕਮਜ਼ੋਰੀਆਂ ਦਾ ਜ਼ਿਕਰ ਵੀ ਕਰਦੀ ਹੈ ਅਤੇ ਦਲਿਤਾਂ ਦੇ ਭਵਿੱਖ ਉਤੇ ਟਿੱਪਣੀ ਕਰਦਿਆਂ ਇਹ ਦਾਅਵਾ ਵੀ ਕਰਦੀ ਹੈ ਕਿ ਉਨ੍ਹਾਂ ਨੇ 'ਬਦਲਵੀ ਵਿਚਾਰਧਾਰਾ' ਨੂੰ ਸਥਾਪਿਤ ਕਰ ਲਿਆ ਹੈ ਅਤੇ ਉਹ ਬਰਾਬਰੀ ਦੇ ਅਧਿਕਾਰ ਮੰਗਦੇ ਹਨ, ਜਿਸ ਬਾਰੇ ਸੰਵਿਧਾਨ ਵਿੱਚ ਗਰੰਟੀ ਵੀ ਦਿੱਤੀ ਗਈ ਹੈ।

# ਸਰਕਾਰ ਝੁਕੀ: ਪੀੜਤ ਕਿਸਾਨ ਪਰਿਵਾਰਾਂ ਨੂੰ 10-10 ਲੱਖ ਦੇ ਚੈੱਕ ਦਿੱਤੇ

**ਮਾਨਸਾ-** ਚੰਡੀਗੜ੍ਹ ਰੈਲੀ ਤੋਂ ਵਾਪਸੀ ਦੌਰਾਨ ਸੜਕ ਹਾਦਸੇ ਵਿੱਚ ਮਾਰੇ ਗਏ ਦੋ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿਵਾਉਣ ਦੀ ਮੰਗ ਸਬੰਧੀ ਸੱਤ ਕਿਸਾਨ ਜਥੇਬੰਦੀਆਂ ਵੱਲੋਂ ਇੱਥੇ ਜ਼ਿਲ੍ਹਾ ਕਚਹਿਰੀ ਵਿੱਚ ਸ਼ੁਰੂ ਕੀਤਾ ਗਿਆ ਸੰਘਰਸ਼ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਦੇ ਚੈੱਕ ਸੌਂਪੇ ਜਾਣ ਮਗਰੋਂ ਸਮਾਪਤ ਹੋ ਗਿਆ। ਜਥੇਬੰਦੀਆਂ ਨੇ ਦਾਅਵਾ ਕੀਤਾ ਕਿ ਜਿਹੜੀਆਂ ਮੰਗਾਂ ਸਬੰਧੀ 5 ਅਪਰੈਲ ਤੋਂ ਸੰਘਰਸ਼ ਵਿੱਢਿਆ ਹੋਇਆ ਸੀ, ਉਹ ਹੁਣ ਸਰਕਾਰ ਵੱਲੋਂ ਮੰਨੇ ਜਾਣ ਮਗਰੋਂ ਕਿਸਾਨਾਂ ਨੂੰ ਘਰੋ-ਘਰੀ ਜਾਣ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਮ੍ਰਿਤਕ ਕਿਸਾਨਾਂ ਦਾ ਅੰਤਿਮ ਸੰਸਕਾਰ ਭਲਕੇ ਪੋਸਟਮਾਰਟਮ ਹੋਣ ਤੋਂ ਬਾਅਦ ਉਨ੍ਹਾਂ ਦੇ ਪਿੰਡਾਂ ਵਿੱਚ ਕੀਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾਈ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ 3 ਅਪਰੈਲ ਨੂੰ ਜ਼ਿਲ੍ਹਾ ਮਾਨਸਾ ਦੇ ਪਿੰਡ ਖੀਵਾ ਕਲਾਂ ਦਾ ਸੁਰਜੀਤ ਸਿੰਘ ਅਤੇ ਕਾਹਨਗੜ੍ਹ ਦਾ ਕਿਸਾਨ ਅਜਮੇਰ ਸਿੰਘ ਸੜਕ ਹਾਦਸੇ ਵਿੱਚ ਮਾਰੇ ਗਏ ਸਨ। ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿਵਾਉਣ ਸਬੰਧੀ ਇੱਥੇ ਚੱਲ ਰਹੇ ਸੰਘਰਸ਼ ਦੌਰਾਨ ਮਾਨਸਾ ਦੇ ਡਿਪਟੀ ਕਮਿਸ਼ਨਰ ਨਾਲ ਹੋਏ ਸਮਝੌਤੇ ਤੋਂ ਬਾਅਦ ਇੱਕ ਵਾਰ ਧਰਨਾ ਸਮਾਪਤ ਕਰ ਦਿੱਤਾ ਗਿਆ ਹੈ। ਕਿਸਾਨ ਆਗੂ ਨੇ ਦੱਸਿਆ ਕਿ ਦੋਵੇਂ ਕਿਸਾਨਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੇ ਚੈੱਕ ਦੇ ਦਿੱਤੇ ਗਏ ਹਨ ਅਤੇ ਪੀੜਤ ਪਰਿਵਾਰਾਂ ਦੇ ਇੱਕ-ਇੱਕ ਜੀਅ ਨੂੰ ਨੌਕਰੀ ਦੇਣ ਦੀ ਪੰਜਾਬ ਸਰਕਾਰ ਨੂੰ ਸਿਫਾਰਿਸ਼ ਕੀਤੀ ਗਈ ਹੈ। ਨਾਲ ਹੀ ਕੁਝ ਸਮੇਂ ਦੀ ਕਾਰਵਾਈ ਮਗਰੋਂ ਕਰਜ਼ਾ ਵੀ ਖ਼ਤਮ ਕਰ ਦਿੱਤਾ ਜਾਵੇਗਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Guru Piari Sadh Sangat Ji

**Devoted families are requesting entire Sangat to attend the April 2018 functions:**

**April 13-14-15,2018 Sri Akhand Path Sahib and Langar Sewa by Bhai Dev Narabat and Bibi Kishori Narabat.**

Sri Akhand Path Sahib and Langar Sewa will be hosted by Bhai Dev Narabat, Bibi Kishori Narabat and their family for Sukh Shanti of their family. May waheguru keep family in Chardi Kala. Family is requesting everyone to come and join them.

**April 15, 2018**

**Prakash Utsav of Shri Guru Arjun Dev Ji**

Gurughar will be celebrating Parkash Utsav of Shri Guru Arjun Dev Ji, the fifth of the ten Sikh Gurus, who compiled Sri Guru Granth Sahib. He was born in Goindval, in the Punjab. Shri Sukhmani Sahib Path and Langar Sewa will be hosted by Sangat.

Vaisakhi Celebration date has been postpone by family to next Sunday. The new program detail are:

**April 20-21-22,2018**

**Vaisakhi Festival 2018 by Bhai Kashmiri Bhatia and Bibi Kamaljit Bhatia**

Sri Ahkand Path Sahib and Langar Sewa will be hosted by Bhai Kashmiri Bhatia and Bibi Kamaljeet Bhatia. Vaisakhi is the harvest celebration in India and is an occasion of dancing, singing, music, wearing of festive garments and religious praise. Akhand Path will start on Friday April 20,2018 at 10:00 AM and will conclude with Bhog ceremony on Sunday April 22, 2018.

**April 29, 2018**

**127th Birth Anniversary of Dr. Bhimrao Ambedkar**

Sri Sukhmani Sahib Path and Langar Sewa will be hosted by Gurughar on the occasion of 127th Birth Anniversary of Dr. B R Ambedkar. Baba Saheb was a leader, politician and a scholar. As independent India's first law minister, he was the principal architect of the Constitution of India.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# SKY TRANSPORT SOLUTIONS

## STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# ਐੱਸ ਸੀ/ਐੱਸ ਟੀ ਐਕਟ ਵਿੱਚ ਸੁਪਰੀਮ ਕੋਰਟ ਵੱਲੋਂ ਕੀਤੀ ਸੋਧ ਖਿਲਾਫ ਮੁਜ਼ਾਹਰਾ ਕਰਦੇ ਲੋਕਾਂ 'ਤੇ ਦਰਜ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ ਦੀ ਮੰਗ

**ਬਠਿੰਡਾ-** 2 ਅਪਰੈਲ ਨੂੰ ਐੱਸਸੀ/ ਐੱਸਟੀ ਐਕਟ ਵਿੱਚ ਮਨੂੰਵਾਦੀ ਪ੍ਰਭਾਵ ਤਹਿਤ ਸੁਪਰੀਮ ਕੋਰਟ ਵੱਲੋਂ ਕੀਤੀ ਦਲਿਤ ਵਿਰੋਧੀ ਸੋਧ ਖ਼ਿਲਾਫ਼ ਭਾਰਤ ਬੰਦ ਦੌਰਾਨ ਮੁਜ਼ਾਹਰਾ ਕਰਦੇ ਹਜ਼ਾਰਾਂ ਲੋਕਾਂ ਤੇ ਦਰਜ ਕੀਤੇ ਨਾਜਾਇਜ਼ ਕੇਸ ਖਾਰਜ ਕਰਨ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਮੰਗ ਕੀਤੀ ਗਈ ਹੈ।

ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਸਭਾ ਦੇ ਸੂਬਾ ਕਮੇਟੀ ਮੈਂਬਰ ਤੇ ਪ੍ਰੈਸ ਸਕੱਤਰ ਡਾ ਅਜੀਤ ਪਾਲ ਸਿੰਘ ਤੇ ਪ੍ਰਧਾਨ ਪ੍ਰਿੰ ਬੱਗਾ ਸਿੰਘ ਦਾ ਕਹਿਣਾ ਹੈ ਕਿ ਐਸਸੀ/ਐਸਟੀ ਐਕਟ ਵਿੱਚ ਸੁਪਰੀਮ ਕੋਰਟ ਵੱਲੋਂ ਸੰਘ ਦੇ ਪ੍ਰਭਾਵ ਹੇਠ ਕੀਤੀ ਦਲਿਤ ਵਿਰੋਧੀ ਸੋਧ ਨਾਲ ਦਲਿਤਾਂ ਨੂੰ ਮਿਲੀ ਸੁਰੱਖਿਆ ਲਗਭਗ ਖਤਮ ਹੋ ਗਈ ਹੈ। ਦਲਿਤਾਂ ਉੱਤੇ ਅੱਤਿਆਚਾਰਾਂ ਵਿੱਚ ਪਿਛਲੇ ਸਮੇਂ ਦੌਰਾਨ 68 ਫੀਸਦੀ ਦਾ ਵਾਧਾ ਹੋਇਆ ਹੈ।ਇਸ ਐਕਟ ਤਹਿਤ ਦਰਜ ਕੀਤੇ ਕੇਸਾਂ ਵਿੱਚੋਂ ਸਿਰਫ਼ 23.8 ਫ਼ੀਸਦੀ ਕੇਸਾਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਹੁੰਦੀ ਹੈ, ਬਾਕੀ ਦੇ 76.2 ਫੀਸਦੀ ਕੇਸ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਜਾਂਦੇ ਹਨ। ਸੁਪਰੀਮ ਕੋਰਟ ਦਾ ਇਹ ਕਹਿਣਾ ਕਿ ਇਸ ਐਕਟ ਦੀ ਦੁਰਵਰਤੋਂ ਹੁੰਦੀ ਆ ਰਹੀ ਹੈ ਸਰਾਸਰ ਗਲਤ ਅਤੇ ਤੱਥਾਂ ਤੋਂ ਕੋਰਾ ਕਥਨ ਹੈ।

ਮਨੂੰਵਾਦੀ ਸੰਸਕ੍ਰਿਤੀ ਕਾਰਨ ਦਲਿਤ ਜਾਤੀਆਂ ਨੂੰ ਜਬਰ ਦਾ ਨਿਸ਼ਾਨਾ ਬਣਾਉਣਾ,ਉਨ੍ਹਾਂ ਦੇ ਘਰ ਢਾਹੁਣੇ, ਔਰਤਾਂ ਦੀ ਬੇਪਤੀ ਕਰਕੇ ਤੇ ਨੰਗਾ ਕਰਕੇ ਪਿੰਡਾਂ ਵਿੱਚ ਘੁਮਾਇਆ ਜਾਣਾ, ਲਾੜੇ ਨੂੰ ਘੋੜੀ ਚੜ੍ਹਣ ਬਦਲੇ ਕੁੱਟ ਕੁੱਟ ਕੇ ਮਾਰ ਮੁਕਾਉਣਾ ਵਰਗੀਆਂ ਘਟਨਾਵਾਂ ਆਮ ਹੁੰਦੀਆਂ ਆ ਰਹੀਆਂ ਹਨ। ਐਸਸੀ/ਐਸਟੀ ਐਕਟ ਵਿੱਚ ਕੀਤੀ ਸੋਧ ਨਾਲ ਇਹ ਐਕਟ ਬਿਲਕੁਲ ਹੀ ਪ੍ਰਭਾਵਹੀਣ ਹੋ ਗਿਆ ਹੈ ਅਤੇ ਇਸ ਤਹਿਤ ਦੋਸ਼ੀ ਵਿਰੁੱਧ ਮੁਕੱਦਮਾ ਦਰਜ ਕਰਨ ਤੋਂ ਪਹਿਲਾਂ ਪੁਲਿਸ ਦੀ ਪੜਤਾਲ ਅਤੇ ਮਹਿਕਮਿਆਂ ਦੀ ਮਨਜ਼ੂਰੀ ਦੀਆਂ ਸ਼ਰਤਾਂ ਲਾ ਕੇ ਪਹਿਲਾਂ ਹੀ ਜਬਰ ਦੀ ਮਾਰ ਹੇਠ ਆਏ ਦਲਿਤਾਂ ਨੂੰ ਸਰਕਾਰ ਨੇ ਅਫਸਰਸ਼ਾਹੀ,ਪੁਲਿਸ ਪ੍ਰਸ਼ਾਸਨ ਅਤੇ ਨੌਕਰਸ਼ਾਹੀ ਦੇ ਰਹਿਮੋਕਰਮ ਤੇ ਛੱਡ ਦਿੱਤਾ ਹੈ। ਐਕਟ ਵਿੱਚ ਸੁਪਰੀਮ ਕੋਰਟ ਵੱਲੋਂ ਕੀਤੀ ਦਲਿਤ ਵਿਰੋਧੀ ਸੋਧ ਦਾ ਵਿਰੋਧ ਕਰਨਾ ਲੋਕਾਂ ਦਾ ਜਮੂਹਰੀ ਹੱਕ ਹੈ ਅਤੇ ਇਸ ਬਦਲੇ ਅੱਤਿਆਚਾਰ ਦਾ ਸ਼ਿਕਾਰ ਲੋਕਾਂ ਦੀ ਆਵਾਜ਼ ਨੂੰ ਸੁਣ ਕੇ ਉਨ੍ਹਾਂ ਨਾਲ ਇਨਸਾਫ ਕਰਨਾ ਸਰਕਾਰਾਂ ਅਤੇ ਨਿਆਂ ਪ੍ਰਣਾਲੀ ਦਾ ਸੰਵਿਧਾਨਿਕ ਫਰਜ਼ ਬਣਦਾ ਹੈ।

ਜੇ ਸਰਕਾਰ ਅਮਨ ਕਾਨੂੰਨ ਦਾ ਬਹਾਨਾ ਲਾ ਕੇ ਸੰਘਰਸ਼ ਕਰ ਰਹੇ ਲੋਕਾਂ ਨੂੰ ਜਬਰ ਦਾ ਨਿਸ਼ਾਨਾ ਬਣਾਉਂਦੀ ਅਤੇ ਉਨ੍ਹਾਂ ਤੇ ਝੂਠੇ ਕੇਸ ਦਰਜ ਜਾਂਦੀ ਹੈ ਤਾਂ ਇਹ ਸਰਾਸਰ ਉਨ੍ਹਾਂ ਦੇ ਹੱਕਾਂ ਨੂੰ ਕੁਚਲਣ ਵਾਲੀ ਕਾਰਵਾਈ ਹੈ।ਸਭਾ ਦੇ ਆਗੂਆਂ ਨੂੰ ਸੰਘਰਸ਼ ਕਰਦੇ ਲੋਕਾਂ ਤੇ ਦਰਜ ਕੀਤੇ ਕੇਸ ਤੁਰੰਤ ਖਾਰਜ ਕਰਨ ਦੀ ਮੰਗ ਕੀਤੀ ਹੈ

**ਡਾਕਟਰ ਅਜੀਤਪਾਲ ਸਿੰਘ ਐਮ ਡੀ ਪ੍ਰੈਸ ਸਕੱਤਰ ਤੇ ਸੂਬਾ ਕਮੇਟੀ ਮੈਂਬਰ ਜਮਹੂਰੀ ਅਧਿਕਾਰ ਸਭਾ**

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕਥਾ ਦੀਵਾਨ ਸਜਾਏ ਗਏ

ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਘੱਲ ਕਲਾਂ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕਥਾ ਦੀਵਾਨ ਸਜਾਏ ਗਏ। ਸਵੇਰ ਵੇਲੇ ਭਾਈ ਮੇਜਰ ਸਿੰਘ ਵੱਲੋਂ ਨਿੱਤਨੇਮ ਕੀਤਾ ਗਿਆ।

ਕਥਾ ਦੀਵਾਨ ਨੂੰ ਸੰਬੋਧਨ ਕਰਦਿਆਂ ਹਜ਼ੂਰੀ ਗ੍ਰੰਥੀ ਭਾਈ ਸੇਵਕ ਸਿੰਘ ਸੋਢੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਅਤੇ ਫਲਸਫੇ ਸਬੰਧੀ ਦੱਸਿਆ ਕਿ



ਧਾਰਮਿਕ ਸੁਤੰਤਰਤਾ ਤੇ ਮਨੁੱਖੀ ਬਰਾਬਰੀ ਹਿੱਤ ਆਪਾ ਨਿਛਾਵਰ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪਹਿਲੀ ਅਪ੍ਰੈਲ 1621 ਨੂੰ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਸ੍ਰੀ ਅਮ੍ਰਿਤਸਰ ਸਾਹਿਬ ਹੋਇਆ। ਗੁਰੂ ਜੀ ਨੇ ਆਪਣੇ ਲਾਲ ਸ੍ਰੀ ਗੁਰੂ ਗੋਬਿਦ ਸਿੰਘ ਜੀ ਨੂੰ ਕਸ਼ਮੀਰੀ ਪੰਡਤਾਂ ਦੇ ਦੁੱਖਾਂ ਦੀ ਦਾਸਤਾਨ ਸੁਣਾਈ ਤੇ ਕਿਹਾ ਕਿ ਇਸ ਦਰਦ ਨੂੰ ਦੂਰ ਕਰਨ ਲਈ ਕਿਸੇ ਪਵਿੱਤਰ ਆਤਮਾ ਦੀ ਕੁਰਬਾਨੀ ਦੀ ਲੋੜ ਹੈ। ਬਾਲ ਗੋਬਿੰਦ ਰਾਏ ਦੇ ਮੁਖਾਰਬਿੰਦ 'ਚੋਂ ਸੁਭਾਵਿਕ ਹੀ ਨਿਕਲ ਗਿਆ ਕਿ ਉਹ ਪਵਿੱਤਰ ਆਤਮਾ ਆਪ ਜੀ ਤੋਂ ਬਿਨਾਂ ਹੋਰ ਕੌਣ ਹੋ ਸਕਦੀ ਹੈ।

ਭਾਈ ਸੇਵਕ ਸਿੰਘ ਸੋਢੀ ਨੇ ਅੱਗੇ ਜਾ ਕੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਵੰਬਰ ਮਹੀਨੇ ਦੇ ਦਸਵੇਂ ਦਿਨ ਮੁਗਲੀਆ ਹਕੂਮਤ ਦੇ ਤਸ਼ੱਦਦ ਵਾਲੀ ਹੱਦ ਹੀ ਹੋ ਗਈ। ਗੁਰੂ ਸਾਹਿਬ ਜੀ ਨੂੰ ਤੱਤੇ ਥੰਮ ਨਾਲ ਲਗਾਇਆ ਗਿਆ। ਭਿਆਨਕ ਤਸੀਹੇ ਦੇਣ ਦੇ ਬਾਵਜੂਦ ਵੀ ਕਾਜ਼ੀ ਦੀ ਕੋਈ ਪੇਸ਼ ਨਾ ਗਈ ਤਾਂ ਉਸ ਨੇ ਗੁਰੂ ਘਰ ਦੇ ਸਿਦਕੀ ਸਿੰਘਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਘੋਰ ਤਸੀਹੇ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਸਾਹਮਣੇ ਹੀ ਸ਼ਹੀਦ ਕਰ ਦਿੱਤਾ। ਗੁਰੂ ਜੀ ਦੇ ਵਿਰੁੱਧ ਦਿੱਤੇ ਫਤਵੇ ਨੂੰ ਕਾਜੀ ਦੇ ਹੁਕਮ ਅਨੁਸਾਰ ਸਮਾਣਾ ਦੇ ਜਲਾਦ, ਜਲਾਲੂਦੀਨ ਨੇ ਗੁਰੂ ਸਾਹਿਬ ਜੀ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਇਸ ਅਦੁੱਤੀ ਕੁਰਬਾਨੀ ਦੀ ਮਿਸਾਲ ਇਤਿਹਾਸ ਵਿਚ ਕਿਧਰੇ ਹੋਰ ਨਹੀਂ ਮਿਲਦੀ। ਇਸ ਮੌਕੇ ਪ੍ਰਧਾਨ ਬਲਜੀਤ ਸਿੰਘ, ਨਿਰਮਲਜੀਤ ਸਿੰਘ, ਬਲਦੇਵ ਸਿੰਘ, ਗੁਰਤੇਜ ਸਿੰਘ, ਰੇਸ਼ਮ ਸਿੰਘ, ਕਰਨੈਲ ਸਿੰਘ, ਅਮਰਜੀਤ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਮੌਜੂਦ ਸਨ।

# ਘੋੜੀ 'ਤੇ ਚੜ੍ਹ ਕੇ ਬਰਾਤ ਨਿਕਲਣ ਦਾ ਨਹੀਂ ਦੇ ਸਕਦੇ ਆਦੇਸ਼ : ਹਾਈ ਕੋਰਟ

**ਇਲਾਹਾਬਾਦ-** ਇਲਾਹਾਬਾਦ ਹਾਈ ਕੋਰਟ ਨੇ ਕਾਸਗੰਜ ਦੇ ਨਿਜਾਮਪੁਰ ਪਿੰਡ ਦੇ ਦਲਿਤ ਲੜਕੇ ਸੰਜੇ ਕੁਮਾਰ ਨੂੰ ਘੋੜੀ 'ਤੇ ਚੜ੍ਹ ਕੇ ਬਰਾਤ ਕੱਢਣ ਦੀ ਮੰਗ ਨਹੀਂ ਮੰਨੀ। ਕੋਰਟ ਨੇ ਕਿਹਾ ਕਿ ਉਹ ਅ ਜਿਹਾ ਆਦੇਸ਼ ਨਹੀਂ ਦੇ ਸਕਦੇ। ਕੋਰਟ ਨੇ ਰਿੱਟ ਨੂੰ ਰੱਦ ਕਰਦੇ ਹੋਏ ਕਿਹਾ ਕਿ ਰਿੱਟ ਕਰਤਾ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਹੈ ਤਾਂ ਉਹ ਮੁਕੱਦਮਾ ਦਰਜ ਕਰਵਾ ਸਕਦਾ ਹੈ ਜਾਂ ਅਜਿਹਾ ਨਾ ਹੋਣ ਤੇ ਮੈਜਿਸਟ੍ਰੇਟ ਕੋਲ ਅਰਜ਼ੀ ਦਾਇਰ ਕਰਕੇ ਕਾਰਵਾਈ ਦੀ ਮੰਗ ਕਰ ਸਕਦਾ ਹੈ। ਕੋਰਟ ਨੇ ਕਿਹਾ ਕਿ ਉਹ ਰਿੱਟ ਵਿਚ ਇਸ ਕਿਸਮ ਦੀ ਆਗਿਆ ਰਿੱਟ ਕਰਤਾ ਨੂੰ ਨਹੀਂ ਦੇ ਸਕਦਾ। ਜਸਟਿਸ ਰਣਵਿਜੈ ਸਿੰਘ ਅਤੇ ਜਸਟਿਸ ਸ਼ਸ਼ੀਕਾਂਤ ਦੀ ਡਵੀਜਨ ਬੈਂਚ ਨੇ ਇਹ ਆਦੇਸ਼ ਪਾਸ ਕੀਤਾ।

ਕਾਸਗੰਜ ਜ਼ਿਲ੍ਹਾ ਪ੍ਰਸ਼ਾਸਨ ਨੇ ਲਾੜੇ ਦੀ ਮੰਗ ਦੇ ਖਿਲਾਫ ਕੋਰਟ ਨੂੰ ਜਾਣਕਾਰੀ ਉਪਲਬਧ ਕਰਵਾਈ ਸੀ ਕਿ ਅਜਿਹਾ ਕਰਨ ਨਾਲ ਉਥੋਂ ਦਾ ਸਥਾਨਕ ਮਾਹੌਲ ਵਿਗੜ ਸਕਦਾ ਹੈ। ਸਥਾਨਕ ਪ੍ਰਸ਼ਾਸਨ ਦੀ ਰਿਪੋਰਟ 'ਤੇ ਕੋਰਟ ਨੇ ਰਿੱਟ ਕਰਤਾ ਨੂੰ ਰਾਹਤ ਨਹੀਂ ਦਿੱਤੀ। ਹਾਈ ਕੋਰਟ ਨੇ ਕਿਹਾ ਕਿ ਰਿੱਟ ਕਰਤਾ ਤੇ ਅਲੱਗ ਤੋਂ ਕੋਈ ਆਦੇਸ਼ ਜਾਰੀ ਕਰਨ ਦਾ ਕੋਈ ਮਤਲਬ ਨਹੀਂ ਹੈ।

ਜੇਕਰ ਲਾੜ੍ਹੇ ਜਾਂ ਲੜਕੀ ਪੱਖ ਦੇ ਲੋਕਾਂ ਨਾਲ ਕੋਈ ਜੋਰ-ਜਬਰਦਸਤੀ ਕਰੇ ਤਾ ਉਹ ਪੁਲਿਸ ਵਿਚ ਇਸਦੀ ਸ਼ਿਕਾਇਤ ਕਰ ਸਕਦੇ ਹਨ।

ਵਰਣਨਯੋਗ ਹੈ ਕਿ ਕਾਸਗੰਜ ਦੇ ਨਿਜਾਮਪੁਰ ਪਿੰਡ ਵਿਚ ਅੱਜ ਤੱਕ ਕਿਸੇ ਦਲਿਤ ਲਾੜ੍ਹੇ ਨੇ ਘੋੜੀ 'ਤੇ ਚੜ੍ਹ ਕੇ ਬਰਾਤ ਨਹੀਂ ਕੱਢੀ ਹੈ। 20 ਅਪ੍ਰੈਲ ਨੂੰ ਕਾਸਗੰਜ ਦੇ ਨਿਜਾਮਪੁਰ ਪਿੰਡ ਦੀ ਸ਼ੀਤਲ ਨਾਲ ਸੰਜੇ ਦਾ ਵਿਆਹ ਹੋਣਾ ਹੈ। ਲਾੜ੍ਹਾ ਸੰਜੇ ਕੁਮਾਰ ਘੋੜੀ ਤੇ ਚੜ੍ਹ ਕੇ ਆਪਣੀ ਬਰਾਤ ਕੱਢਣਾ ਚਾਹੁੰਦਾ ਸੀ, ਇਸ ਕਰਕੇ ਉਸਨੇ ਹਾਈ ਕੋਰਟ ਦੀ ਸ਼ਰਨ ਲਈ ਸੀ। ਉਸਦਾ ਕਹਿਣਾ ਸੀ ਕਿ ਸਥਾਨਕ ਸਵਰਣ ਉਸਦੇ ਇਸ ਕੰਮ ਦਾ ਵਿਰੋਧ ਕਰ ਰਹੇ ਹਨ। ਪੁਲਿਸ ਅਤੇ ਪ੍ਰਸ਼ਾਸਨ ਨੇ ਵੀ ਬਰਾਤ ਕੱਢਣ ਦੀ ਆਗਿਆ ਦੇਣ ਤੋਂ ਪਹਿਲਾਂ ਹੀ ਇਨਕਾਰ ਕਰ ਦਿੱਤਾ ਹੈ। ਇਸ 'ਤੇ ਲੜਕੇ ਨੇ ਹਾਈ ਕੋਰਟ ਦੀ ਸ਼ਰਨ ਲਈ ਸੀ।

# 52 ਫੀਸਦੀ ਓ. ਬੀਸੀ. ਆਬਾਦੀ ਦੀ ਕੇਂਦਰੀ ਸੇਵਾਵਾਂ ਵਿਚ ਸਿਰਫ 1123 ਫੀਸਦੀ ਹਿੱਸੇਦਾਰੀ

**ਨਵੀਂ ਦਿੱਲੀ-** ਮੋਦੀ ਸਰਕਾਰ ਨੇ ਗਾਵਾਂ ਨੂੰ ਆਧਾਰ ਕਾਰਡ ਜਾਰੀ ਕਰਨ ਦੇ ਲਈ ਬਜਟ ਜਾਰੀ ਕਰ ਦਿੱਤਾ ਹੈ, ਪਰ ਓ. ਬੀ. ਸੀ. ਦੀ ਜਨਗਣਨਾ ਨੂੰ ਪ੍ਰਗਟ ਨਹੀਂ ਕੀਤਾ ਹੈ। ਦੇਸ਼ ਦੀ ਕੁੱਲ ਆਬਾਦੀ ਵਿਚ ਓ. ਬੀ. ਸੀ. ਦੀ ਜਨਸੰਖਿਆ 60 ਫੀਸਦੀ ਤੋਂ ਜ਼ਿਆਦਾ ਹੈ ਪਰ ਡੀ. ਓ. ਪੀ. ਟੀ. 2011 ਦੀ ਰਿਪੋਰਟ ਦੇ ਮੁਤਾਬਕ ਕੇਂਦਰੀ ਸਰਕਾਰ ਸੇਵਾਵਾਂ ਵਿਚ ਓ. ਬੀ. ਸੀ. ਦੀ ਹਿੱਸੇਦਾਰੀ ਸਿਰਫ 6.9 ਫੀਸਦੀ ਹੀ ਹੈ।

ਉਤਰ ਪ੍ਰਦੇਸ਼ ਦੇ ਲਖਨਊ ਵਿਚ ਇਕ ਸਮਾਰੋਹ ਦੇ ਦੌਰਾਨ ਇਹ ਅੰਕੜੇ ਜਾਰੀ ਕਰਦੇ ਹੋਏ ਮੋਸਟ ਬੈਕਵਾਰਡ ਕਲਾਸਿਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਡਾ. ਰਾਮ ਸੁਮਿਰਨ ਵਿਸ਼ਵਕਰਮਾ ਨੇ ਕੇਂਦਰ ਵਿਚ ਰਹੀਆਂ ਸਰਕਾਰਾਂ 'ਤੇ ਓ. ਬੀ. ਸੀ. ਸਮਾਜ ਦੇ ਲੋਕਾਂ ਦੀ ਅਣਦੇਖੀ ਕੀਤੇ ਜਾਣਦੇ ਦੋਸ਼ ਲਗਾਏ। ਉਹਨਾਂ ਨੇ ਕਿਹਾ ਕਿ ਸਰਕਾਰੀ ਨੌਕਰੀਆਂ ਵਿਚ ਉਚੀਆਂ ਜਾਤੀਆਂ ਦੀ ਪ੍ਰਤੀਨਿਧਤਾ 76.8 ਫੀਸਦੀ, ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ 11.5 ਫੀਸਦੀ ਅਤੇ ਜਨ ਜਾਤੀਆਂ ਦੀ ਪ੍ਰਤੀਨਿਧਤਾ 4.8 ਫੀਸਦੀ ਰਹੀ। ਡੀ. ਓ. ਪੀ.ਟੀ. 2014 ਦੇ ਮੁਤਾਬਕ ਓ. ਬੀ. ਸੀ. ਦਾ ਕੇਂਦਰੀ ਸੇਵਾਵਾਂ ਦੀਆਂ ਏ. ਬੀ. ਸੀ. ਅਤੇ ਡੀ. ਕੈਟੇਗਰੀ ਵਿਚ ਪ੍ਰਤੀਨਿਧਤਾ ਸਿਰਫ 11.23 ਪ੍ਰਤੀਸ਼ਤ ਸੀ। ਉਹਨਾਂ ਨੇ ਕਿਹਾ ਕਿ ਕੇਂਦਰੀ ਸੇਵਾਵਾਂ ਵਿਚ ਓ. ਬੀ.ਸੀ. ਨੂੰ ਸਿਰਫ 27 ਪ੍ਰਤੀਸ਼ਤ ਹੀ ਰਿਜ਼ਰਵੇਸ਼ਨ ਹੈ, ਜੋ ਉਹਨਾਂ ਦੀ ਜਨਸੰਖਿਆ ਦਾ ਅੱਧਾ ਵੀ ਨਹੀਂ ਹੈ।

ਓ. ਬੀ. ਸੀ. ਦੀ ਰਿਜ਼ਰਵੇਸ਼ਨ 'ਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਆਰ. ਐਸ. ਐਸ. ਮੁਖੀ ਮੋਹਨ ਭਾਗਵਤ, ਆਰ. ਐਸ. ਐਸ. ਪ੍ਰਚਾਰਕ ਡਾ. ਮਨਮੋਹਨ ਵੈਦ ਦੁਆਰਾ ਕਈ ਵਾਰ ਰਿਜ਼ਰਵੇਸ਼ਨ ਅਤੇ ਸੰਵਿਧਾਨ ਸਮੀਖਿਆ ਦੀ ਗੱਲ ਉਠਾਈ ਗਈ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੌਮਾਂਤਰੀ ਕਾਰਜਕਾਰੀ ਪ੍ਰਧਾਨ ਪ੍ਰਵੀਣ ਤੋਗੜੀਆ ਦੁਆਰਾ ਬੀਤੇ ਦਿਨੀਂ ਉਜੈਨ ਵਿਚ ਭਾਰਤੀ ਸੰਵਿਧਾਨ ਖਤਮ ਕਰਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨ ਦਾ ਮੁੱਦਾ ਉਠਾਇਆ ਗਿਆ, ਜੋ ਭਾਰਤ ਦੀ ਲੋਕਤੰਤਰੀ ਪ੍ਰਣਾਲੀ 'ਤੇ ਖਤਰਾ ਪੈਦਾ ਕਰਨ ਵਾਲਾ ਹੈ।

ਉਹਨਾਂ ਨੇ ਕਿਹਾ ਕਿ ਆਰ. ਐਸ. ਐਸ. ਦਾ ਜਨਮ ਅਤੇ ਵਿਕਾਸ ਹੀ ਰਿਜ਼ਰਵੇਸ਼ਨ ਵਿਵਸਥਾ ਦੇ ਵਿਰੋਧ ਵਿਚ ਹੋਇਆ ਹੈ। ਜਦੋਂ 1925 ਵਿਚ ਆਰ. ਐਸ. ਐਸ. ਦਾ ਨਾਗਪੁਰ ਵਿਚ ਗਠਨ ਹੋਇਆ ਤਾਂ 100 ਸਾਲਾਂ ਦੇ ਅੰਦਰ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਕੇ ਮਨੂੰ ਸੰਵਿਧਾਨ ਲਾਗੁ ਕਰਵਾਉਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ।

2018-19 ਵਿਚ ਜੇਕਰ ਪੱਛੜੇ-ਦਲਿਤ ਸਮਾਜ ਦੀ ਬੇਵਕੂਫੀ ਨਾਲ ਭਾਜਪਾ ਦੀ ਮੁੜ ਵਾਪਸੀ ਹੋ ਗਈ ਤਾਂ ਦੇਸ਼ ਦੇ ਲੋਕਤੰਤਰ ਲਈ ਖਤਰਾ ਪੈਦਾ ਹੋ ਜਾਵੇਗਾ।

ਡਾ. ਵਿਸ਼ਵਕਰਮਾ ਨੇ ਅੱਗੇ ਕਿਹਾ ਕਿ ਸਮਾਜਿਕ ਅਤੇ ਸਿੱਖਿਆ ਪੱਖੋਂ ਪੱਛੜਿਆਂ ਨੂੰ ਹੀ ਓ. ਬੀ. ਸੀ. ਕਿਹਾ ਗਿਆ ਅਤੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੁਤਾਬਕ 52 ਪ੍ਰਤੀਸ਼ਤ ਓ. ਬੀ. ਸੀ. ਨੂੰ 27 ਪ੍ਰਤੀਸ਼ਤ ਰਿਜ਼ਰਵੇਸ਼ਨ ਦਿੱਤੀ ਗਈ। ਮੰਡਲ ਕਮਿਸ਼ਨ ਨੇ 11 ਸਿਫਾਰਸ਼ਾਂ ਕੀਤੀਆਂ ਸਨ ਪਰ ਹੁਣ ਤੱਕ ਕੇਵਲ ਦੋ ਸਿਫਾਰਸ਼ਾਂ ਹੀ ਅੰਸ਼ਿਕ ਤੌਰ 'ਤੇ ਲਾਗੂ ਕੀਤੀਆਂ ਗਈਆਂ।

ਫਿਰ ਵੀ ਸਮਾਜਿਕ ਨਿਆਂ ਵਿਰੋਧ ਅਤੇ ਵਰਣ ਵਿਵਸਥਾ ਪੋਸ਼ਕਾਂ ਦੇ ਪੇਟ ਵਿਚ ਦਰਦ ਹੋ ਰਿਹਾ ਹੈ। ਕੌਮੀ ਪੱਛੜਾ ਵਰਗ ਕਮਿਸ਼ਨ ਦਾ ਨਾਂ ਬਦਲ ਕੇ ਰਾਸ਼ਟਰੀ ਸਮਾਜਿਕ ਸਿੱਖਿਆ ਪੱਛੜਾ ਵਰਗ ਕਮਿਸ਼ਨ ਕਰਨਾ ਸਿਰਫ ਧੋਖਾ ਅਤੇ ਪੱਛੜਿਆਂ ਨੂੰ ਬੇਵਕੂਫ ਬਣਾਉਣ ਤੋਂ ਇਲਾਵਾ ਕੁਝਨਹੀਂ ਹੈ।

# 'ਨਾਨਕਸ਼ਾਹ ਫ਼ਕੀਰ' ਫ਼ਿਲਮ 'ਤੇ ਪਾਬੰਦੀ ਸਬੰਧੀ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ




**ਲੁਧਿਆਣਾ-** ਵੱਖ-ਵੱਖ ਸਿੱਖ ਜੱਥੇਬੰਦੀਆਂ ਅਤੇ ਨਾਨਕ ਨਾਮ ਲੇਵਾ ਸੰਗਤ ਦੇ ਸਹਿਯੋਗ ਨਾਲ ਫਿਲਮ 'ਨਾਨਕ ਸ਼ਾਹ ਫ਼ਕੀਰ' ਤੇ ਪਾਬੰਦੀ ਲਗਾਉਣ ਲਈ ਡਿਪਟੀ ਕਮਿਸ਼ਨਰ ਸ੍ਰੀ ਪ੍ਰਦੀਪ ਅਗਰਵਾਲ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ਜੁੜੀ ਸੰਗਤ ਨੇ ਪੰਜਾਬੀ ਭਵਨ ਤੋਂ ਡੀ ਸੀ ਦਫਤਰ ਤੱਕ ਰੋਸ ਮਾਰਚ ਕੀਤਾ ਅਤੇ ਡੀ ਸੀ ਦਫਤਰ ਪਹੁੰਚ ਕੇ ਫਿਲਮ ਬਣਾਉਣ ਵਾਲੇ ਸਿੱਕੇ ਵਿਰੁੱਧ ਨਾਅਰਬਾਜੀ ਕਰਦਿਆਂ ਉਸ 'ਤੇ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਕਰਕੇ ਗ੍ਰਿਫਤਾਰ ਕਰਨ ਅਤੇ ਫਿਲਮ ਤੇ ਪਾਬੰਧੀ ਲਗਾਉਣ ਦੀ ਮੰਗ ਕੀਤੀ। ਇਸ ਮੌਕੇ ਮੋਹਤਬਰ ਆਗੂਆਂ ਨੇ ਦੱਸਿਆ ਕਿ ਫਿਲਮ "ਨਾਨਕ ਸ਼ਾਹ ਫ਼ਕੀਰ" ਵਿੱਚ ਗੁਰੂ ਨਾਨਕ ਸਾਹਿਬ, ਬੇਬੇ ਨਾਨਕੀ ਤੇ ਬੇਬੇ ਸੁਲੱਖਣੀ ਜੀ ਦੇ ਕਿਰਦਾਰ ਫਿਲਮੀ ਅਦਾਕਾਰਾਂ ਵੱਲੋਂ ਨਿਭਾਏ ਗਏ ਹਨ। ਜਦੋਂ ਕਿ ਦੁਨੀਆ ਦਾ ਕੋਈ ਵੀ ਮਨੁੱਖ ਗੁਰੂ ਸਾਹਿਬਾਨ ਦੀ ਭਾਵੇਂ ਨਾਟਕੀ/ ਫਿਲਮੀ ਰੂਪ 'ਚ ਹੀ ਹੋਵੇ, ਬਰਾਬਰੀ ਨਹੀਂ ਕਰ ਸਕਦਾ। ਇਸ ਨਾਲ ਸਿੱਖ ਭਾਵਨਾਵਾਂ ਤਾਂ ਜ਼ਖ਼ਮੀ ਹੋਈਆਂ ਹੀ ਹਨ, ਸਿੱਖ ਸਿਧਾਂਤਾਂ, ਪ੍ਰੰਪਰਾਵਾਂ ਤੇ ਮਰਿਆਦਾ ਨਾਲ ਵੀ ਵੱਡਾ ਖਿਲਵਾੜ ਹੋਇਆ ਹੈ।

ਅਸੀ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕਰਦੇ ਹਾਂ ਕਿ ਸਿੱਖ ਭਾਵਨਾਵਾਂ ਨੂੰ ਸਤਿਕਾਰ ਦਿੰਦਿਆਂ, ਇਸ ਫ਼ਿਲਮ 'ਤੇ ਤੁਰੰਤ ਪਾਬੰਦੀ ਦਾ ਐਲਾਨ ਕੀਤਾ ਜਾਵੇ ਅਤੇ ਦੋਸ਼ੀਆਂ ਵਿਰੁੱਧ ਧਾਰਾ 295-ਏ ਅਧੀਨ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਫਿਲਮ ਦੀ ਰੋਕ ਤੱਕ ਸਮੁੱਚੀ ਕੌਮ ਲਾਮਬੰਦ ਰੱਖੀ ਜਾਵੇਗੀ ਅਤੇ ਲੋੜ ਪੈਣ ਤੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਇਸ ਮੌਕੇ ਯੂਨਾਈਟਡ ਸਿੱਖ ਪਾਰਟੀ ਤੋਂ ਜਰਨੈਲ ਸਿੰਘ, ਸੁਖਜਿੰਦਰ ਸਿੰਘ ਜੌੜਾ ਸਰਬੱਤ ਖਾਲਸਾ ਲਹਿਰ, ਸ੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਤੋਂ ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਬਲਦੇਵ ਸਿੰਘ ਸੇਠੀ, ਦੇਹਾਤੀ ਤੋਂ ਬਲਜਿੰਦਰ ਸਿੰਘ ਪਾਂਗਲੀਆਂ, ਵਿਸਾਖਾ ਸਿੰਘ ਖਾਲਸਾ, ਪ੍ਰਦੀਪ ਸਿੰਘ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਗੁਰਸ਼ਰਨ ਸਿੰਘ ਜੱਸਲ ਅਤੇ ਪ੍ਰਦੀਪ ਸਿੰਘ ਖਾਲਸਾ (ਆਪ), ਗੁਰਚਰਨ ਸਿੰਘ ਹਵਾਸ ਭਾਰਤੀ ਕਿਸਾਨ ਯੂਨੀਅਨ, ਰਾਜ ਸਿੰਘ ਮਹਿਣਾ ਯੂਨਾਈਟਡ ਸਿੱਖ ਪਾਰਟੀ, ਤ੍ਰਿਲੋਚਨ ਸਿੰਘ ਖਾਲਸਾ ਤੇ ਮਿਥੁਨ ਸਿੰਘ ਅਜਾਦ ਜਨਤਾ ਵੈਲਫੇਅਰ ਸੋਸਾਇਟੀ, ਕੁਲਦੀਪ ਸਿੰਘ ਖਾਲਸਾ ਅਤੇ ਕੁਲਵੰਤ ਕੌਰ ਖਾਲਸਾ ਮਾਲਵਾ ਤਰਣਾ ਦਲ ਆਦਿ ਹਾਜਰ ਸਨ।

# ਕੈਨੇਡਾ 'ਚ ਸੜਕ ਹਾਦਸੇ ਵਿੱਚ 14 ਖਿਡਾਰੀਆਂ ਦੀ ਮੌਤ

**ਓਟਵਾ-** ਕੈਨੇਡਾ ਵਿੱਚ ਆਈਸ ਹਾਕੀ ਟੀਮ ਦੀ ਬੱਸ ਟਰੱਕ ਦੇ ਨਾਲ ਟਕਰਾਉਣ ਕਰਕੇ 14 ਖਿਡਾਰੀਆਂ ਦੀ ਮੌਤ ਹੋ ਗਈ ਹੈ। ਇਹ ਬੱਸ ਜੂਨੀਅਰ ਆਈਸ ਹਾਕੀ ਟੀਮ ਨੂੰ ਲੈ ਕੇ ਜਾ ਰਹੀ ਸੀ। ਕੈਨੇਡਾ ਦੇ ਪੱਛਮੀ ਸਸਕੈਚਵਨ ਸੂਬੇ ਦੇ ਰੂਰਲ ਹਾਈਵੇਅ



ਉੱਤੇ ਹਮਬੋਲਟ ਬਰੌਂਕੋਜ਼ ਟੀਮ ਦੀ ਬੱਸ ਜਿਸ ਵਿੱਚ 28 ਲੋਕ ਸਵਾਰ ਸਨ, ਟਰੱਕ ਦੇ ਨਾਲ ਟਕਰਾ ਗਈ। ਟੀਮ ਵਿੱਚ 24 ਖਿਡਾਰੀ ਸਨ ਜਿਨ੍ਹਾਂ ਦੀ ਉਮਰ 16 ਸਾਲ ਤੋਂ 21 ਸਾਲ ਦੇ ਵਿਚਕਾਰ ਸੀ। ਜ਼ਿਕਰਯੋਗ ਹੈ ਕਿ ਆਈਸ ਹਾਕੀ ਕੈਨੇਡਾ ਦੀ ਕੌਮੀ ਖੇਡ ਹੈ। ਸਥਾਨਕ ਮੀਡੀਆ ਨੇ ਪੁਲੀਸ ਦੇ ਹਵਾਲੇ ਨਾਲ ਦੱਸਿਆ ਹੈ ਕਿ ਇਸ ਹਾਦਸੇ ਵਿੱਚ 14 ਲੋਕ ਮਾਰੇ ਗਏ ਅਤੇ ਬਾਕੀ ਦੇ 14 ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਇਹ ਹਾਦਸਾ ਟਿਸਡੇਲ ਸ਼ਹਿਰ ਤੋਂ 28 ਕਿਲੋਮੀਟਰ ਉੱਤਰ ਵੱਲ ਸ਼ਾਮ ਪੰਜ ਵਜੇ ਵਾਪਰਿਆ। ਬੱਸ ਖਿਡਾਰੀਆਂ ਨੂੰ ਸਸਕੈਚਵਨ ਜੂਨੀਅਰ ਹਾਕੀ ਲੀਗ ਖੇਡਣ ਜਾ ਰਹੀ ਸੀ।

ਇਸ ਲੀਗ ਵਿੱਚੋਂ ਹੀ ਖਿਡਾਰੀ ਅੱਗੇ ਕੈਨੇਡਾ ਦੀ ਕੌਮੀ ਆਈਸ ਹਾਕੀ ਟੀਮ ਵਿੱਚ ਚੁਣੇ ਜਾਂਦੇ ਹਨ ਤੇ ਬਾਕੀ ਦੇ ਖਿਡਾਰੀ ਅਮਰੀਕਾ ਅਤੇ ਕੈਨੇਡਾ ਦੀਆਂ ਹੋਰ ਵੱਡੀਆਂ ਕਲੱਬਾਂ ਅਤੇ ਕਾਲਜਾਂ ਵੱਲੋਂ ਖੇਡਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਪੀੜਤਾਂ ਦੇ ਪਰਿਵਾਰਾਂ ਨੂੰ ਸੂਚਨਾ ਲੈਣ ਲਈ ਨਿਪਾਵਿਨ ਐਪਸੋਟੋਲਿਕ ਚਰਚ ਵਿੱਚ ਜਾ ਕੇ ਸੰਪਰਕ ਕਰਨ ਲਈ ਕਿਹਾ ਗਿਆ ਹੈ। ਇਸ ਖ਼ਬਰ ਦੇ ਨਾਲ ਕੈਨੇਡਾ ਦੇ ਖੇਡ ਜਗਤ ਵਿੱਚ ਸੋਗ ਫੈਲ ਗਿਆ ਹੈ।

# TANDOOR
## Indian Restaurant

**27167 Mission Blvd. Hayward, CA 95544**





ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.





ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



# L.A. MERCHANDISE
## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

Loose Fabrics, Groceries, Blankets, Vegetables

500 N. Palora Ave. Yuba City, CA 95991









ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax





ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99





Bio Bidet Elite 2 $ 39.99+ Tax





**ਪੱਗਾਂ**
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ





Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।





**ਸੂਟ**
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

**ਲਾਈਨਿੰਗ**
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
## ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਡ-ਮੰਡਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer





ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING**
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD**
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW**
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS**
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE**
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

Tel: 800.936.4011 • 209.636.0880

WE HANDLE DOT AUDITS





RAJINDER SINGH

# GLOBAL SOLUTION
FOR TRANSPORTATION
(A PAPERLESS SOLUTION FOR TRUCKING)

email: info@etruckingsolution.com • www.etruckingsolution.com





LAKHVIR SINGH

# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**





Free Estimates
Free Towing

510- 733- 2222

1421 Industrial PKWY West#F Hay-ward, CA 94544

Prop: Jasbir Singh Takhar
510-755-2132





Harmandeep Singh

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰੇ 'ਸੰਸਥਾ' ਜਾਂ ਵਰਗ ਵਿਸ਼ੇਸ਼

ਵਿਸਾਖੀ ਵਾਲੇ ਦਿਨ 1699 ਈਸਵੀ ਨੂੰ ਪੰਜਾਬ ਦੀ ਧਰਤੀ ਤੇ ਖਾਸ ਕਰਕੇ ਸਿੱਖ ਇਤਿਹਾਸ ਵਿਚ 'ਪੰਜ ਪਿਆਰਿਆਂ' ਜਾਂ 'ਪੰਥ ਖਾਲਸਾ' ਦੀ ਸਿਰਜਣਾ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਨੂੰ ਮੱਧਕਾਲੀ ਸੋਚ ਵਿਚੋਂ ਬਾਹਰ ਕੱਢ ਕੇ ਆਧੁਨਿਕ ਸੋਚ ਵਿਚ ਪ੍ਰਵੇਸ਼ ਕੀਤਾ। ਇਸ ਘਟਨਾ ਨੇ ਸੈਂਕੜੇ ਸਾਲ ਪੁਰਾਣੀ ਮੱਧਯੁਗੀ ਸੋਚ ਵਾਲੇ ਸਮਾਜਿਕ ਢਾਂਚੇ ਵਿਚ ਪਰਿਵਰਤਨ ਲਿਆਂਦਾ ਤੇ ਲੋਕਰਾਜੀ ਭਾਵਨਾ ਵਾਲੀ 'ਪੰਚਾਇਤੀ ਸੰਸਥਾ' ਨੂੰ ਜਨਮ ਦਿੱਤਾ। ਇਸ ਨਾਲ ਲੋਕਾਂ ਦੀ ਆਵਾਜ਼ ਵਾਲੀ ਜਾਂ ਸੰਗਤਾਂ ਦੇ ਸਮੂਹ ਵਾਲੀ ਤੇ ਲੋਕਾਂ ਨੂੰ ਅਗਵਾਈ ਕਰਨ ਵਾਲੀ ਪੰਜ ਜਾਂ ਇਕ ਵਿਅਕਤੀ ਤੋਂ ਵੱਧ ਵਿਅਕਤੀਆਂ ਦੀ 'ਸੰਸਥਾ' ਦਾ ਆਗਾਜ਼ ਹੁੰਦਾ ਹੈ। ਇਹ ਸੰਸਥਾ 'ਗੁਰੂ ਗ੍ਰੰਥ ਸਾਹਿਬ' ਦੀ ਅਗਵਾਈ ਵਿਚ ਸਰਬੱਤ ਖਾਲਸਾ ਬੁਲਾਅ ਕੇ ਜੀਵਨ ਦੇ ਮਹੱਤਵਪੂਰਨ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਗੁਰਮੱਤੇ ਜਾਂ ਫੈਸਲੇ ਕਰਦਾ ਹੈ।

ਇਸ ਤੋਂ ਪਹਿਲਾਂ ਅਸੀਂ ਜਦੋਂ ਭਾਰਤ ਜਾਂ ਸੰਸਾਰ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਦੁਨੀਆਂ ਦੇ ਵੱਡੇ ਧਰਮਾਂ ਵਿਚ ਵੀ ਪੰਜ-ਪੰਜ ਵਿਅਕਤੀਆਂ ਦੇ ਸਮੂਹ ਦੀ ਧਾਰਨਾ ਨਜ਼ਰ ਆਉਂਦੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਇਸਾਈ ਧਰਮ ਦੇ ਬਾਨੀ ਈਸਾ ਮਸੀਹ ਜੀ ਨੂੰ ਜਦੋਂ ਪ੍ਰਮਾਤਮਾ ਦੀ ਸੋਝੀ ਹੋਈ ਤਾਂ ਉਹਨਾਂ ਨੇ ਪ੍ਰਮਾਤਮਾ ਪ੍ਰਤੀ ਜੋ ਗਿਆਨ ਹਾਸਲ ਕੀਤਾ, ਆਪਣੇ ਇਸ ਗਿਆਨ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਲਈ ਸਭ ਤੋਂ ਪਹਿਲਾਂ ਆਪਣੇ ਪੰਜ ਚੇਲਿਆਂ ਨੂੰ ਹੀ ਸਿੱਖਿਆ ਦਿੱਤੀ। ਇਸਲਾਮ ਧਰਮ ਵਿਚ ਵੀ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਇਲਹਾਮ ਹੋਇਆ ਤਾਂ ਉਹਨਾਂ ਨੇ ਵੀ ਇਸ ਰੱਬੀ ਇਲਹਾਮ ਨੂੰ ਆਮ ਜਨਤਾ ਤੱਕ ਪਹੁੰਚਾਉਣ ਲਈ ਆਪਣੇ ਪੰਜ ਚੇਲੇ ਭਾਵ 'ਪੰਜ ਪੀਰਾਂ' ਨੂੰ ਸਿੱਖਿਆ ਦਿੱਤੀ। ਬੁੱਧ ਧਰਮ ਦੇ ਬਾਨੀ ਮਹਾਤਮਾ ਬੁੱਧ ਜੀ ਨੂੰ ਵੀ ਜਦੋਂ ਗਯਾ ਦੇ ਸਥਾਨ ਤੇ ਬੋਧ-ਗਿਆਨ ਹੋਇਆ ਤਾਂ ਉਹਨਾਂ ਨੇ ਵੀ ਸਭ ਤੋਂ ਪਹਿਲਾਂ ਆਪਣੇ ਪੰਜ ਭਿਕਸ਼ੂਆਂ ਨੂੰ ਹੀ ਬੁੱਧ ਧਰਮ ਦੇ ਫੈਲਾਅ ਲਈ ਗਿਆਨ ਦਿੱਤਾ। ਠੀਕ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪ ਅਤੇ ਆਪਣੇ ਪਰਵਰਤੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਮ ਜਨ-ਜੀਵਨ ਤੱਕ ਪਹੁੰਚਾਉਣ ਲਈ 'ਪੰਜ ਪਿਆਰਿਆਂ' ਜਾਂ 'ਪੰਥ ਖਾਲਸਾ' ਦੀ ਸਿਰਜਣਾ ਕੀਤੀ।

ਸਿੱਖ ਧਰਮ ਵਿਚ ਪੰਜ ਪਿਆਰਿਆਂ ਦੀ ਸਥਾਪਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪੰਜ-ਗੁਰਮੁੱਖਾਂ ਦੀ ਪ੍ਰਧਾਨਤਾ ਚਲੀ ਆ ਰਹੀ ਸੀ। ਉਹ 'ਜਪੁਜੀ ਸਾਹਿਬ' ਵਿਚ 'ਪੰਚ ਪਰਵਾਣ ਪੰਚ ਪ੍ਰਧਾਨ, ਪੰਚਾਂ ਕਾ ਗੁਰ ਏਕ ਧਿਆਨ' ਦਾ ਵਰਣਨ ਕਰਦੇ ਹਨ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿਚ ਪੰਚ-ਪ੍ਰਪੰਚ ਦਾ ਜ਼ਿਕਰ ਕਰਦੇ ਹਨ:

ਪੰਚ ਮਿਲੇ ਪਰਪੰਚ ਤਜਿ..
ਸਾਧ ਸੰਗਤ ਸੋਹਨਿ ਗੁਰਭਾਈ॥

ਇੱਥੇ ਪੰਚ ਤੋਂ ਅਰਥ ਹੈ ਉਹ ਵਿਅਕਤੀ ਜਾਂ ਗੁਰਮੁਖ ਜਿਸ ਦਾ ਧਿਆਨ ਇਕ ਅਕਾਲ ਪੁਰਖ ਭਾਵ ਇਕ ਪ੍ਰਮਾਤਮਾ ਵਿਚ ਲੱਗਾ ਹੋਇਆ ਹੈ, ਉਹ ਪੰਚ ਹਨ। ਉਹੀ ਪੰਚ ਪ੍ਰਮਾਤਮਾ ਦੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ ਭਾਵ ਅਧਿਆਤਮਕ ਪ੍ਰਾਪਤੀ ਵਾਲਾ ਵਿਅਕਤੀ ਹੀ ਲੱਗਦਾ ਹੈ।

ਪ੍ਰੋ. ਸਾਹਿਬ ਸਿੰਘ ਜੀ ਆਪਣੇ 'ਸ੍ਰੀ ਗੁਰੂ ਗ੍ਰੰਥ ਦਰਪਣ' ਵਿਚ 'ਪੰਚ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ- 'ਪੰਚ' ਉਹ ਮਨੁੱਖ ਹੈ ਜਿਹਨਾਂ ਨਾਮ ਸੁਣਿਆ ਹੈ ਤੇ ਮੰਨਿਆ ਹੈ, ਉਹ ਮਨੁੱਖ ਜਿਹਨਾਂ ਦੀ ਸੁਰਤੀ ਨਾਮ ਵਿਚ ਜੁੜੀ ਹੈ ਤੇ ਜਿਹਨਾਂ ਵਿਚ ਪ੍ਰਤੀਤ ਆ ਗਈ ਹੈ।''

ਇਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਇਹਨਾਂ ਟੂਕਾਂ ਵਿਚ ਪੰਜ ਪਿਆਰਿਆਂ ਦੀ ਸੰਸਥਾ ਦਾ ਮੁਢਲਾ ਰੂਪ ਮਿਲਦਾ ਹੈ, ਜਿਸ ਵਿਚ ਅਧਿਆਤਮਕ ਉਪਾਸਨਾ ਉਪਰ ਬਲ ਪਾਇਆ ਗਿਆ ਹੈ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਪੰਜ ਅਧਿਆਤਮਕ-ਗਿਆਨੀ, ਭਾਈ ਪੈੜਾ ਜੀ, ਭਾਈ ਲੰਗਾਹ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ ਤੇ ਭਾਈ ਬਿਧੀ ਚੰਦ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਕ ਗਿਆਨੀ ਭਾਵ ਪੰਜ ਪਿਆਰੇ ਸਿੱਖ ਭਾਈ ਜੈਤਾ ਜੀ, ਭਾਈ ਉਦਾ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਦੀਵਾਨ ਮਤੀ ਦਾਸ ਜੀ ਸਨ।

ਇਹ ਗੁਰੂ ਸਾਹਿਬਾਨ ਦੇ ਉਕਤ ਪੰਜ ਜਾਂ ਪੰਜ-ਪਿਆਰਿਆਂ ਦੀ ਸੰਸਥਾ ਦੇ ਮੁਢਲੇ ਰੂਪ ਉਤੇ ਇਕ ਤਰ੍ਹਾਂ ਦੀ ਗਵਾਹੀ ਆਖੀ ਜਾ ਸਕਦੀ ਹੈ, ਇਸ ਲਈ ਇਹ ਪਤਾ ਲੱਗਦਾ ਹੈ ਕਿ ਪੰਜ ਪਿਆਰਿਆਂ ਦੀ ਸਿਰਜਣਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਤੋਂ ਬਾਅਦ ਆਉਣ ਵਾਲੇ ਨੌਵੇਂ ਗੁਰੂ ਸਾਹਿਬਾਨ ਤੱਕ ਦੀਆਂ ਰਚਨਾਵਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਇਸ ਦਾ ਮੁਢਲਾ ਰੂਪ ਝਲਕਦਾ ਹੈ। ਪਹਿਲਾਂ ਗੁਰੂ ਸਾਹਿਬਾਨ ਦੇ ਪੰਜ-ਪੰਜ ਅਧਿਆਤਮਕ ਗਿਆਨੀ ਭਾਵ ਪੰਜ ਗੁਰਸਿੱਖ ਸਾਹਿਬਾਨ ਇਸ ਸੰਸਥਾ ਦਾ ਮੁਢਲਾ ਰੂਪ ਹਨ। ਇਸ ਤੋਂ ਅੱਗੇ ਜਾ ਕੇ ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਜਾ ਕੇ ਇਹ 'ਸੰਸਥਾ' ਪੰਜ ਪਿਆਰਿਆਂ ਦੇ ਰੂਪ ਵਿਚ ਪ੍ਰਵਾਨ ਚੜ੍ਹੀ।

ਪੰਜ ਪਿਆਰਿਆਂ ਦੀ ਸੰਸਥਾ ਨੇ ਜਾਤ-ਪਾਤ ਦੀ ਪ੍ਰਥਾ ਤੇ ਕਰਾਰੀ ਚੋਟ ਮਾਰੀ। ਪੰਜੇ ਪਿਆਰੇ ਭਾਰਤ ਦੇ ਵੱਖ ਵੱਖ ਕੋਨਿਆਂ ਤੋਂ ਵੱਖ ਵੱਖ ਜਾਤਾਂ ਨਾਲ ਸਬੰਧ ਰੱਖਦੇ ਸਨ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਜਾਤਾਂ ਦੇ ਲੋਕ ਸਨ। (ਕ੍ਰਮਵਾਰ ਭਾਈ ਦਯਾ ਸਿੰਘ ਜੀ ਉਹ ਲਾਹੌਰ ਦੇ ਵਾਸੀ ਸਨ ਤੇ ਉਹਨਾਂ ਦੀ ਜਾਤ ਖੱਤਰੀ ਸੀ, ਧਰਮ ਸਿੰਘ ਜੀ ਹਸਤਨਾਪੁਰ (ਦਿੱਲੀ) ਦੇ ਰਹਿਣ ਵਾਲੇ ਜਾਟ, ਕਿਸਾਨੀ ਦਾ ਕਿੱਤਾ ਕਰਦੇ ਸਨ, ਹਿੰਮਤ ਸਿੰਘ ਜੀ ਜਗਨਨਾਥ ਪੁਰੀ ਦੇ ਵਾਸੀ ਸਨ ਤੇ ਝਿਊਰ ਜਾਤੀ ਨਾਲ ਸਬੰਧ ਰੱਖਦੇ ਸਨ, ਮੁਹਕਮ ਸਿੰਘ ਜੀ ਦਵਾਰਕਾਪੁਰੀ ਗੁਜਰਾਤ ਦੇ ਰਹਿਣ ਵਾਲੇ ਸਨ ਤੇ ਜਾਤ ਦੇ ਛੀਂਬਾ ਸਨ ਤੇ ਸਾਹਿਬ ਸਿੰਘ ਜੀ ਬਿਦਰ ਸ਼ਹਿਰ ਕਰਨਾਟਕ ਦੇ ਰਹਿਣ ਵਾਲੇ ਸਨ ਤੇ ਉਹਨਾਂ ਦੀ ਜਾਤ ਨਾਈ ਸੀ)

ਪ੍ਰਿਥਮੈ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਖਲਾ ਹੂਆ॥ ਪਾਛੈ ਮੁਹਕਮ ਚੰਦ ਛੀਮਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਬਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ ਬਾਰੀ ਖਲੇ ਹੂਏ॥ (ਹਵਾਲਾ ਗੁਰੂ ਕੀਆਂ ਸਾਖੀਆਂ)॥

ਖੱਤਰੀ ਜਾਤੀ ਨੂੰ ਛੱਡ ਕੇ ਬਾਕੀ ਚਾਰੇ ਜਾਤਾਂ ਦੇ ਲੋਕ ਦਲਿਤ ਜਾਤਾਂ ਨਾਲ ਸਬੰਧ ਰੱਖਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ ਪਿਆਰਿਆਂ ਦੀ 'ਸੰਸਥਾ' ਨੇ ਨਾ ਤਾਂ ਕੋਈ ਉੱਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ ਜਾਤੀ ਦਾ ਕੋਈ ਏਕਾ ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ ਪ੍ਰਥਾ ਨੂੰ ਮੁੱਢੋਂ ਨਕਾਰ ਦਿੱਤਾ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਰੱਦ ਕਰ ਦਿੱਤਾ। ਇਸ ਤਰ੍ਹਾਂ ਉਹਨਾਂ ਦੀ ਪੰਜ ਪਿਆਰਿਆਂ ਦੀ ਸੰਸਥਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਜਾਤ-ਪਾਤ ਵਿਰੁੱਧ ਲਹਿਰ



ਦੀ ਪ੍ਰਤੀਨਿਧਤਾ ਵੀ ਕੀਤੀ। ਗੁਰੂ ਨਾਨਕ ਦੇਵ ਜੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੇ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼॥

'ਗੁਰੂ ਗ੍ਰੰਥ ਸਾਹਿਬ' ਵਿਚੋਂ ਇਸੇ ਵਿਚਾਰਧਾਰਾ ਦੀ ਇਕ ਹੋਰ ਟੂਕ:

ਜਾਤੀ ਦੈ ਕਿਆ ਹਥਿ ਸਚ ਪਰਖੀਐ॥
ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥

ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਸੰਗਤ ਤੇ ਲੰਗਰ ਦੀ ਸੰਸਥਾ ਸ਼ੁਰੂ ਕੀਤੀ। ਇਸ ਵਿਚ ਸਾਧਨਾ ਵਾਸਤੇ, ਬਿਨਾਂ ਜਾਤ-ਪਾਤ ਦੇ ਵਿਤਕਰੇ ਤੋਂ ਬੈਠਣਾ ਅਤੇ ਲੰਗਰ ਛਕਣਾ ਸੀ। ਇਹੋ ਵਿਚਾਰਧਾਰਾ ਅੱਗੇ ਜਾ ਕੇ ਦਸਵੇਂ ਗੁਰੂ ਸਾਹਿਬ ਦੇ ਸਮੇਂ ਵਿਚ ਜਾ ਕੇ ਪੰਜ ਪਿਆਰਿਆਂ ਦੀ ਸੰਸਥਾ ਦੇ ਰੂਪ ਵਿਚ ਪ੍ਰਵਾਨ ਚੜ੍ਹੀ। ਗੁਰੂ ਨਾਨਕ ਦੇਵ ਜੀ ਆਪ ਦਲਿਤ ਜਾਤਾਂ ਦੇ ਨਾਲ ਖੜ੍ਹੇ ਹੋਏ। ਇਹੋ ਵਿਚਾਰਧਾਰਾ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵੀ ਉਭਰਦੀ ਹੈ: "ਗਰੀਬੀ ਗਦਾ ਹਮਾਰੀ।'' ਇਸ ਤਰ੍ਹਾਂ ਦੀਆਂ ਜਾਤਾਂ ਦੇ ਹੱਥ ਪੰਥ ਦੀ ਤਾਕਤ ਦੇਣੀ ਤੇ ਸੰਗਤ ਦੀ ਅਗਵਾਈ ਕਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਸ਼ਖਸੀਅਤ ਤੇ ਦੂਰ-ਅੰਦੇਸ਼ੀ ਦੀ ਲਖਾਇਕ ਹੈ। ਇਸ ਤਰ੍ਹਾਂ ਇਸ ਸੰਸਥਾ ਦੀ ਸਥਾਪਨਾ ਨਾਲ ਕਿਸੇ ਵਿਸ਼ੇਸ਼ ਇਲਾਕੇ ਨੂੰ ਵੀ ਅਹਿਮੀਅਤ ਨਹੀਂ ਮਿਲੀ। ਗੁਰੂ ਸਾਹਿਬਾਨ ਵੱਲੋਂ ਪੰਜਾਬ ਦੇ ਖਿੱਤੇ ਨੂੰ ਆਪਣਾ ਕਾਰਜ ਖੇਤਰ ਧਾਰਮਿਕ ਤੇ ਸਮਾਜਿਕ ਕੰਮਾਂ ਲਈ ਅਪਣਾਉਣ ਨਾਲ ਇਸ ਖਿੱਤੇ ਦੀ ਅਹਿਮੀਅਤ ਵੱਧ ਰਹੀ ਸੀ। ਬਾਬਰ ਦੇ ਹਮਲੇ ਦਾ ਗੁਰੂ ਨਾਨਕ ਦੇਵ ਜੀ ਨੇ ਰੱਜ ਕੇ ਵਿਰੋਧ ਕੀਤਾ। ਬਾਬਰ ਨੇ ਆਪਣੇ ਜ਼ੁਲਮ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਬਹੁਤ ਡਰਾਇਆ:

ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ॥
ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਰਾਜੇ ਸੀਂਹ ਮਕਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ॥

ਰਾਜੇ ਤੇ ਮੁਕੱਦਮ ਨੂੰ ਕੁੱਤੇ ਤੱਕ ਆਖ ਦਿੱਤਾ। ਇਸ ਤਰ੍ਹਾਂ ਰਜਵਾੜਿਆਂ ਦੇ ਬਾਹਰੀ ਹਮਲਿਆਂ ਵਿਚ ਵੀ ਪੰਜ ਪਿਆਰਿਆਂ ਦੇ ਕਾਰਜ ਦੀ ਰੂਹ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਸ ਵਿਰੋਧ ਵਿਚ ਉਕਤ ਸੰਸਥਾ ਲਈ ਸਿਧਾਂਤਕ ਆਧਾਰ ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਇਸ ਸੰਸਥਾ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਦੇ ਧਰਮ ਦੇ ਪਿਛੋਕੜ ਵੱਲ ਝਾਤ ਮਾਰਨ ਤੇ ਉਸ ਵਿਚੋਂ ਸੇਧ ਲੈਣ ਬਾਅਦ ਆਪਣਾ ਇਸ ਸੰਸਥਾ ਦੀ ਉਸਾਰੀ ਲਈ ਸੰਘਰਸ਼ ਜਾਰੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ ਲੋਕ-ਹਿੱਤ ਕੰਮਾਂ ਵਿਚ ਲਾਵੇ। ਐਸੇ ਯੁੱਧਾਂ ਨੂੰ ਉਹਨਾਂ ਨੇ ਸਜਦਾ ਕੀਤਾ: 'ਨਮੋ ਜੁੱਧ ਜਦੋ।'' ਔਰੰਗਜ਼ੇਬ ਨੂੰ 'ਜ਼ਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਉਸ ਸਮੇਂ ਵਿਦਿਆ ਦਾ ਅਧਿਕਾਰ ਸਿਰਫ ਉੱਚੀਆਂ ਜਾਤਾਂ ਨੂੰ ਹੀ ਸੀ। ਨੀਵੀਆਂ ਜਾਤਾਂ ਦੇ ਲੋਕ ਅਵਿਦਿਅਕ ਸਨ ਤੇ ਹਰ ਖੇਤਰ ਵਿਚ ਬਹੁਤ ਪੱਛੜੇ ਹੋਏ ਸਨ। ਗੁਰੂ ਜੀ ਨੇ ਬਾਣੀ ਤੇ ਸਾਹਿਤ ਦੀ ਰਚਨਾ ਵੀ ਲੋਕਾਂ ਦੀ ਆਮ ਬੋਲੀ ਵਿਚ ਕਰਵਾਈ ਤਾਂ ਕਿ ਲੋਕ ਪੜ੍ਹ ਲਿਖ ਕੇ ਜਾਗਰਿਤ ਹੋ ਸਕਣ। ਪੰਜ ਪਿਆਰੇ ਜਿਹੜੇ ਕਥਿਤ ਦਲਿਤ ਜਾਤਾਂ ਵਿਚੋਂ ਇਸ ਸੰਸਥਾ ਵਿਚ ਆਏ ਸਨ, ਨੂੰ ਸਿਖਸ਼ਤ ਕਰਨ ਲਈ ਪੰਜ ਬਾਣੀਆਂ ਦਾ ਪਾਠ ਰੋਜ਼ ਪੜ੍ਹਨਾ ਨਿਸ਼ਚਿਤ ਕੀਤਾ। ਇਸ ਤਰ੍ਹਾਂ ਇਸ ਸੰਸਥਾ ਵਿਚ ਇਹ ਇਕ ਮਹੱਤਵਪੂਰਨ ਕਦਮ ਸੀ। ਇਸ ਤਰ੍ਹਾਂ ਗੁਰੂ ਜੀ ਨੇ ਉੱਚੀਆਂ ਜਾਤਾਂ ਭਾਵ ਵਿਸ਼ੇਸ਼ ਵਰਗ ਦਾ ਜੋ ਵਿਦਿਆ ਪ੍ਰਾਪਤ ਕਰਨ ਦਾ ਏਕਾ-ਅਧਿਕਾਰ ਰੱਖੀ ਬੈਠਾ ਸੀ, ਨੂੰ ਸਮਾਪਤ ਕੀਤਾ।

ਇਕੋ ਪਾਰਬ੍ਰਹਮ ਵਿਚ ਵਿਸ਼ਵਾਸ ਤੇ ਉਸ ਦੀ ਪ੍ਰਾਪਤੀ ਦਾ ਮੰਤਵ ਵੀ ਸੰਸਥਾ ਵਾਸਤੇ ਜ਼ਰੂਰੀ ਸੀ। ਇਸ ਉਦੇਸ਼ ਨਾਲ ਬ੍ਰਾਹਮਣਵਾਦ ਨੇ ਪੈਦਾ ਕੀਤੀ ਬਹੁ-ਮੂਰਤੀ ਪੂਜਾ ਦੀ ਦੁਚਿੱਤੀ ਵੀ ਸਮਾਪਤ ਕਰ ਦਿੱਤੀ। ਮਨੁੱਖ ਨੂੰ ਪੂਰੀ ਤਰ੍ਹਾਂ ਸਰਗੁਣ ਵਿਚਾਰਧਾਰਾ ਵਿਚੋਂ ਕੱਢ ਕੇ ਨਿਰਗੁਣਵਾਦ ਦੀ ਧਾਰਾ ਵਿਚ ਲੈ ਆਂਦਾ। ਮਨੁੱਖ ਦੀ ਇਸ ਵਿਚ ਆਸਥਾ ਵਧੀ ਤੇ ਇਸ ਦੇ ਨਾਲ ਹੀ ਇਸ ਸੰਸਥਾ ਨੇ ਉਸ ਜ਼ਮਾਨੇ ਦੇ ਜਰਵਾਣੇ ਹਾਕਮਾਂ ਨਾਲ ਟੱਕਰ ਲੈਣ ਲਈ, ਮਨਾਂ ਵਿਚੋਂ ਕਮਜ਼ੋਰੀ ਤੇ ਗੁਲਾਮੀ ਦੀ ਭਾਵਨਾ ਕੱਢ ਦਿੱਤੀ। ਇਸ ਤਰ੍ਹਾਂ ਇਸ ਸੰਸਥਾ ਨੂੰ ਅਧਿਕਾਰਾਂ ਦੀ ਪ੍ਰਾਪਤੀ ਤੇ ਰੱਖਿਆ ਲਈ, ਸ਼ਕਤੀਸ਼ਾਲੀ ਹੋਣ ਲਈ ਅਤੇ ਸੰਘਰਸ਼ ਕਰਨ ਲਈ ਆਧਾਰ ਪ੍ਰਾਪਤ ਹੋਇਆ।

ਗੁਰੂ ਸਾਹਿਬ ਨੇ ਫੋਕੇ ਕਰਮ-ਕਾਂਡਾਂ ਤੇ ਰਹੁ-ਰੀਤਾਂ ਤੇ ਕਰਾਰੀ ਸੱਟ ਮਾਰੀ ਤੇ ਇਹਨਾਂ ਨੂੰ ਮਨੁੱਖ ਲਈ ਬੇਅਰਥ ਦੱਸਿਆ। ਇਸ ਦੀ ਥਾਂ ਮਨੁੱਖ ਨੂੰ ਆਪਣੀ ਨੈਤਿਕਤਾ ਤੇ ਅਧਿਆਤਮਕ ਜੀਵਨ ਜਿਊਣ ਲਈ, ਇਸ ਸੰਸਥਾ ਰਾਹੀਂ ਪ੍ਰਪੱਕ ਕੀਤਾ। ਭਰਮਾਂ ਤੇ ਵਹਿਮਾਂ ਨੂੰ ਖਤਮ ਕੀਤਾ। ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਲਈ ਗਿਆਨਵਾਨ ਹੋਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਇਸ ਤਰ੍ਹਾਂ ਹਰ ਘਟਨਾ ਦੇ ਪਿੱਛੇ ਕਿਉਂ ਤੇ ਕਿਵੇਂ ਜਾਨਣ ਦੀ ਸੂਝ ਵੀ ਸੰਸਥਾ ਦਾ ਆਧਾਰ ਬਣੀ।

ਉਸ ਸਮੇਂ ਦੀ ਅੰਧ-ਵਿਸ਼ਵਾਸੀ ਸੋਚ ਨੇ ਮਨੁੱਖ ਦੀ ਆਰਥਿਕ, ਸਮਾਜਿਕ, ਨੈਤਿਕ ਤੇ ਧਾਰਮਿਕ ਸੋਚ ਵੀ ਵਿਕਸਤ ਨਾ ਹੋਣ ਦਿੱਤੀ। ਇਸਤਰੀ ਨੂੰ ਨਾਗਣ, ਬਘਿਆੜਨ ਤੇ ਡੈਣ ਦੇ ਅਲੰਕਾਰਾਂ ਨਾਲ ਸੰਬੋਧਨ ਕੀਤਾ ਗਿਆ। ਔਰਤ ਨੂੰ ਮਨੁੱਖ ਦੇ ਧਾਰਮਿਕ ਜੀਵਨ ਵਿਚ ਰੁਕਾਵਟ ਦੱਸਿਆ ਗਿਆ। ਉਸ ਦੇ ਮਾਂ, ਭੈਣ, ਪਤਨੀ ਤੇ ਧੀ ਦੇ ਰੂਪਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਗੁਰੂ ਸਾਹਿਬਾਨ ਨੇ ਔਰਤ ਨੂੰ ਮਰਦ ਦੇ ਬਰਾਬਰ ਸਥਾਨ ਦਿੱਤਾ ਤੇ ਔਰਤ ਨੂੰ ਸੰਸਾਰ ਦੇ ਵੱਡੇ-ਵੱਡੇ ਯੋਧਿਆਂ ਤੇ ਸ਼ਖਸੀਅਤਾਂ ਦੀ ਜਨਨੀ ਦੱਸਿਆ। ਉਸ ਦੇ ਹੱਥ ਵਿਚ ਤਲਵਾਰ ਫੜਾ ਕੇ ਉਸ ਨੂੰ ਇਸ ਧਰਤੀ ਦੇ ਵੱਡੇ-ਵੱਡੇ ਰਾਕਸ਼ਾਂ ਤੇ ਯੋਧਿਆਂ ਨੂੰ ਜੋ ਲੋਕਾਈ ਤੇ ਜ਼ੁਲਮ ਤੇ ਅੱਤਿਆਚਾਰ ਕਰਦੇ ਸਨ, ਹਰਾਉਂਦਿਆਂ ਦਿਖਾਇਆ। ਉਸ ਦੇ ਬੀਰ-ਰਸੀ ਰੂਪ ਨੂੰ ਸਾਹਮਣੇ ਲਿਆਂਦਾ ਤੇ ਉਸ ਦੇ ਹੱਥੋਂ ਬਦੀ ਤੇ ਜ਼ਾਲਮ ਸ਼ਕਤੀਆਂ ਦਾ ਨਾਸ ਕਰਵਾਇਆ। ਗੁਰੂ ਸਾਹਿਬ ਦੀ ਲਿਖੀ ਹੋਈ 'ਚੰਡੀ ਦੀ ਵਾਰ' ਵਿਚ ਦੁਰਗਾ ਦੇ ਪਾਤਰ ਤੋਂ, ਮਨੁੱਖ ਵੀ ਜ਼ੁਲਮ ਦੀ ਜੜ੍ਹ ਪੁੱਟਣ ਤੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪ੍ਰੇਰਿਤ ਹੋਇਆ। ਸਤੀ ਦੀ ਰਸਮ ਦੇ ਖਿਲਾਫ ਵੀ ਆਵਾਜ਼ ਉਠਾਈ ਤੇ ਇਸ ਨੂੰ ਸਮਾਜ ਵਿਚੋਂ ਖਤਮ ਕਰਵਾਇਆ। ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥



ਪ੍ਰੋ: ਐਚ.ਐਲ.ਕਪੂਰ
001- 209- 405-2974

ਮਨੁੱਖ ਨੂੰ ਭਗਤੀ ਕਰਨ ਲਈ ਜੰਗਲਾਂ ਵਿਚ ਜਾਣ ਤੋਂ ਰੋਕਿਆ। ਇਸ ਦੇ ਨਾਲ ਮਨੁੱਖ ਨੂੰ ਸਮਝਾਇਆ ਕਿ ਗ੍ਰਹਿਸਤ ਵਿਚ ਹੀ ਰਹਿ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਇਸ ਸੰਸਾਰ ਨੂੰ ਉਸ ਅਕਾਲ ਪੁਰਖ ਦੀ ਰਚਨਾ ਦੱਸਿਆ ਤੇ ਗ੍ਰਹਿਸਤ ਦੀ ਮਹਾਨਤਾ ਨੂੰ ਸਮਝਾਇਆ: 'ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚ ਵਾਸ' ਨੇ ਵੀ ਮਨੁੱਖ ਨੂੰ ਸੰਘਰਸ਼ ਲਈ ਤਕੜਾ ਆਧਾਰ ਦਿੱਤਾ।

ਉਸ ਸਮੇਂ ਦੇ ਬ੍ਰਾਹਮਣੀ ਤੇ ਪ੍ਰੋਹਿਤ ਵਰਗ ਨੇ ਸਮਾਜ ਵਿਚ, ਆਪਣੇ ਹਿੱਤਾਂ ਲਈ ਸਮਾਜਿਕ ਬਰਾਬਰੀ ਨਹੀਂ ਆਉਣ ਦਿੱਤੀ। ਆਪਣੇ ਸੌੜੇ ਹਿੱਤਾਂ ਲਈ ਲੋਕਾਂ ਦਾ ਸਮਾਜਿਕ, ਆਰਥਿਕ ਤੇ ਧਾਰਮਿਕ ਸ਼ੋਸ਼ਣ ਕੀਤਾ। ਲੋਕਾਂ ਦੀ ਆਰਥਿਕ ਲੁੱਟ ਰੱਜ ਕੇ ਕੀਤੀ। ਲੋਕਾਂ ਨੂੰ ਆਪੇ ਕਰਮਾਂ-ਕਾਂਡਾਂ, ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਫਿਰ ਇਹਨਾਂ ਵਿਚੋਂ ਬਾਹਰ ਕੱਢਣ ਲਈ ਆਰਥਿਕ ਪੱਖੋਂ ਲੁੱਟਿਆ। ਰਿਗਵੇਦ ਵਿਚ ਇਹ ਕਿਹਾ ਗਿਆ ਹੈ ਕਿ ਬ੍ਰਾਹਮਣ ਪਰਮ ਹਸਤੀ ਦੇ ਮੂੰਹ 'ਚੋਂ, ਕਸ਼ਤਰੀ ਭੁਜਾਵਾਂ ਵਿਚੋਂ, ਵੈਸ਼ ਪੱਟਾਂ 'ਚੋਂ ਤੇ ਸ਼ੂਦਰ ਪੈਰਾਂ 'ਚੋਂ ਜਨਮੇ ਹਨ। ਲੋਕਾਂ ਨੂੰ ਗਰੀਬੀ, ਜਹਾਲਤ ਤੇ ਅਗਿਆਨਤਾ ਪ੍ਰਮਾਤਮਾ ਵੱਲੋਂ ਧੁਰੋਂ ਲਿਖੀ ਆਈ ਦੱਸ ਕੇ ਗੁੰਮਰਾਹ ਕੀਤਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਵਿਚਾਰਧਾਰਾ ਨੂੰ ਨਕਾਰ ਦਿੱਤਾ ਤੇ ਕਿਹਾ ਕਿ ਅਸੀਂ ਸਭ ਇਕੋ ਪ੍ਰਮਾਤਮਾ ਦੇ ਪੁੱਤਰ ਹਾਂ ਤੇ ਉਹ ਸਾਡਾ ਪਿਤਾ ਹੈ:

ਏਕ ਪਿਤਾ ਏਕਸ ਕੇ ਹਮ ਬਾਰਿਕ॥

ਦਸਮ ਗ੍ਰੰਥ ਦੀ ਰਚਨਾ 'ਅਕਾਲ-ਉਸਤਤ' ਵਿਚ ਸਮਾਜਿਕ ਬਰਾਬਰੀ ਤੇ ਭਾਈਚਾਰਕ ਸਾਂਝ ਵਾਸਤੇ ਕਿਹਾ ਗਿਆ ਹੈ ਕਿ ਨਾ ਕੇਵਲ ਜਾਤੀਆਂ ਦੇ ਆਧਾਰ ਉਤੇ ਸਗੋਂ ਹਿੰਦੂ ਤੇ ਮੁਸਲਮਾਨ ਆਧਾਰ ਉਤੇ ਮਾਨਵ ਨਾ-ਬਰਾਬਰੀ ਦਾ ਵਿਰੋਧ ਕੀਤਾ ਗਿਆ ਹੈ ਸਗੋਂ ਇਹ ਕਿਹਾ ਗਿਆ ਹੈ ਕਿ ਮਨੁੱਖ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ, ਮਨੁੱਖ ਦੀ ਜਾਤ ਇਕੋ ਹੀ ਹੈ:

ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ।
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥

ਵੱਖ ਵੱਖ ਜਾਤੀਆਂ ਤੇ ਦੇਸ਼ ਦੇ ਵੱਖ ਵੱਖ ਕੋਨਿਆਂ ਤੋਂ ਆਏ ਮਰਜੀਵੜਿਆਂ ਨੇ ਸੀਸ ਭੇਟ ਕਰਨ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਸਨਮੁਖ ਪੇਸ਼ ਕਰ ਦਿੱਤਾ ਤੇ ਫਿਰ ਅੰਮ੍ਰਿਤ ਛਕਾਅ ਕੇ ਗੁਰੂ ਸਾਹਿਬ ਨੇ ਬਰਾਬਰ ਖੜ੍ਹੇ ਕਰ ਦਿੱਤਾ ਗਿਆ ਤਾਂ ਜਾਤ-ਪਾਤ ਦੇ ਆਧਾਰ ਤੇ ਨਾ-ਬਰਾਬਰੀ ਸਦਾ ਲਈ ਪੰਖ ਲਾ ਕੇ ਪੂਰੀ ਤਰ੍ਹਾਂ ਅਲੋਪ ਹੋ ਗਈ।

ਧਰਮ ਪਰਿਵਰਤਨ ਵੇਲੇ ਨਾਨਕ ਪੰਥੀ ਹੋਣ ਲਈ ਸ: ਕੇਹਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਚਰਣ-ਪਾਹੁਲ ਪੰਜਾਂ ਸਿੱਖਾਂ ਦੇ ਚਰਨਾਂ ਦਾ ਧੋਣ, ਵਰਤਾਉਣ ਦੀ ਰੀਤੀ, ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਪ੍ਰਚੱਲਿਤ ਹੋਈ। ਪਰ ਖਾਲਸਾ ਪੰਥ ਦੀ ਸਾਜਣਾ ਵੇਲੇ ਚਰਣ-ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦਿੱਤੀ ਗਈ ਤੇ ਨਾਲ ਹੀ ਨਾਨਕ ਪੰਥੀ ਕਰਨ ਦਾ ਅਧਿਕਾਰ ਪੰਜ ਸਿੱਖਾਂ ਨੂੰ ਦੇ ਦਿੱਤਾ ਗਿਆ। ਫਿਰ ਜਾਤ-ਪਾਤ ਨੂੰ ਖਤਮ ਕਰਕੇ ਕਥਿਤ ਨੀਵੀਆਂ ਜਾਤਾਂ ਤੋਂ ਆਏ ਪੰਜ ਪਿਆਰਿਆਂ ਨੂੰ ਦੇ ਦਿੱਤਾ ਗਿਆ। ਇਸਦੇ ਨਾਲ ਹੀ ਇਹ ਧਾਰਨਾ ਪ੍ਰਚੱਲਿਤ ਕੀਤੀ ਗਈ ਕਿ ਇਸ ਪੱਖੋਂ ਕਿਸੇ ਕੋਲ ਵੀ ਕਿਸੇ ਵੀ ਆਧਾਰ ਉਤੇ ਏਕਾ-ਅਧਿਕਾਰ ਨਹੀਂ ਹੋਵੇਗਾ। ਰੀਤੀ ਅਨੁਸਾਰ ਧਰਮ ਪਰਿਵਰਤਨ ਕਰਨ ਦਾ ਜੋ ਅਧਿਕਾਰ ਪ੍ਰੋਹਿਤ ਵਰਗ ਪਾਸ ਸੀ, ਉਸ ਨੂੰ ਖਤਮ ਕਰਨ ਦਿੱਤਾ ਗਿਆ।

ਗੁਰੂ ਨਾਨਕ ਦੇਵ ਜੀ ਦੇ ਮੂਲ ਤਿੰਨ ਸਿਧਾਂਤ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜੱਪਣਾ ਨੇ ਮਾਨਵੀ ਜੀਵਨ ਵਿਚ ਵੱਡਾ ਯੋਗਦਾਨ ਪਾਇਆ। ਲੋਕ ਸੱਚੀ-ਸੁੱਚੀ ਕ੍ਰਿਤ ਕਰਨ ਵਿਚ ਵਿਸ਼ਵਾਸ ਕਰਨ ਲੱਗੇ, ਬੇਈਮਾਨੀ ਦੀ ਕਮਾਈ ਨੂੰ ਪਾਪ ਸਮਝਣ ਲੱਗੇ। ਇਸ ਨੇਕ-ਨੀਤੀ ਦੀ ਕਮਾਈ ਵਿਚੋਂ ਦਸਵੰਧ ਕੱਢ ਕੇ ਗਰੀਬਾਂ ਦੀ ਮਦਦ ਕਰਨ ਲਈ ਤੇ ਸਮਾਜਿਕ ਕੰਮਾਂ ਲਈ ਆਪਣੀ ਕਮਾਈ ਵਿਚੋਂ ਸਮਰੱਥਾ ਅਨੁਸਾਰ ਦੇਣ ਲੱਗੇ। ਇਹਨਾਂ ਕਾਰਜਾਂ ਦੀ ਸੰਤੁਸ਼ਟੀ ਬਾਅਦ ਆਪਣੇ ਮਨ ਨੂੰ ਪ੍ਰਮਾਤਮਾ ਦੀ ਸੁਰਤੀ ਵਿਚ ਲਾਉਣ ਲੱਗੇ। ਇਸ ਤੋਂ ਬਾਅਦ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਛੇਵੇਂ ਗੁਰੂ ਸਾਹਿਬ ਦੇ ਸਮੇਂ ਤੋਂ ਸ਼ਸਤਰਧਾਰੀ ਹੋਣ ਲੱਗੇ। ਇਸ ਤਰ੍ਹਾਂ ਸ਼ਾਸਤਰਕਾਰੀ ਹੋਣ ਦੀ ਭਾਵਨਾ ਪਿੱਛੇ ਜ਼ੁਲਮ ਨਾਲ ਟਾਕਰਾ ਲੈਣ ਦੀ ਚੇਤਨਤਾ ਕੰਮ ਕਰਦੀ ਹੈ। ਗੁਰੂ ਸਾਹਿਬਾਨ ਵੱਲੋਂ ਸਾਹਿਤ ਰਚਨਾ ਕਰਨਾ ਤੇ ਸਾਹਿਤਕਾਰਾਂ ਨੂੰ ਪੁਰਸਕਾਰ ਦੇਣੇ ਵੀ ਕ੍ਰਾਂਤੀਕਾਰੀ ਸੋਚ ਦੇ ਲਿਖਾਇਕ ਹਨ। ਖਾਲਸਾ ਸਿਰਜਣਾ ਦੀ ਰਹਿਤ-ਮਰਿਆਦਾ ਵਿਚ ਪੰਜ ਕਕਾਰਾਂ ਦੇ ਮੱਦੇਨਜ਼ਰ ਕਿਰਪਾਨ ਧਾਰਨ ਕਰਨਾ ਆਉਂਦਾ ਹੈ। ਇਸ ਤਰ੍ਹਾਂ ਸ਼ਸਤਰ ਪਹਿਨਣਾ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਤੇ ਜ਼ੁਲਮ ਦਾ ਟਾਕਰਾ ਕਰਨ ਨਾਲ ਸਬੰਧ ਰੱਖਦਾ ਹੈ। ਇਹਨਾਂ ਪੰਜ ਕਕਾਰਾਂ ਦਾ ਪੰਜ ਪਿਆਰਿਆਂ ਦੀ ਸੰਸਥਾ ਨਾਲ ਅਟੁੱਟ ਰਿਸ਼ਤਾ

(ਬਾਕੀ ਸਫਾ 16 'ਤੇ)

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641 ਵਾਂ ਪਾਵਨ ਪ੍ਰਕਾਸ਼ ਦਿਹਾੜਾ

































# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੌਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641 ਵਾਂ ਪਾਵਨ ਪ੍ਰਕਾਸ਼ ਦਿਹਾੜਾ

















Jai Bhim! Jai Bharat!!

## The Begumpura Cultural & Education Aid Society Sacramento celebrating Dr. B.R. Ambedkar's 127th Birth Anniversary



**The Begumpura Cultural & Education Aid Society Sacramento (California) will be celebrating Bharat Rattan Babasaheb Dr. B. R. Ambedkar's 127th Birth Anniversary on April 22, 2018, Sunday, from 4:00 p.m. to 10:00 p.m. at Comeback Christian Center, 1381 Florin Road Sacramento (CA) 95822.**

**The Begumpura Cultural & Education Aid Society Sacramento cordially invites you to join us to celebrate Dr. Ambedkar's 127th birth anniversary.**

ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਬੜੇ ਹੀ ਉਤਸ਼ਾਹ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 127ਵਾਂ ਜਨਮ ਦਿਹਾੜਾ 22 ਅਪ੍ਰੈਲ 2018, ਦਿਨ ਐਤਵਾਰ ਨੂੰ ਸ਼ਾਮੀ 4 ਵਜੇ ਤੋਂ 10 ਵਜੇ ਤੱਕ **1381 Florin Road Sacramento (CA) 95822** ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬੁੱਧੀਜੀਵੀ ਬੁਲਾਰੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਨਗੇ। ਆਪ ਸਭ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਤੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰੋ ਜੀ।

**For more information**

Mohinder Singh Dhami
1-916-701-1170
Jaswant Sheemar
1-916-293-6030
Joginder Chumber 1-916-439-4043
Darshan Virk 1-916-272-8320

# The Begumpura Cultural & Education Aid Society

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641 ਵਾਂ ਪਾਵਨ ਪ੍ਰਕਾਸ਼ ਦਿਹਾੜਾ






















**Educate ! Agitate ! Organize!**

# Ambedkar International Center & Ambedkar Educational Aid Society

Invites you for Celebrating 127th Birth Anniversary

of

# Dr. B. R. AMBEDKAR

Liberator of Millions of Untouchables from Discriminatory Hindu Caste System,
Founding father of Modern India,
An Economist Extraordinaire,
Greatest reviver of Buddhism,
World's Most Inspirational leader



Alma Mater
University of Mumbai
Columbia University
University of London
London School of Economics

Chief Guest
Dr. Rajkumar Hans,
Historian, Academician, Ambedkarite Intellectual

## Saturday April 14, 2018, Time: 4:00 PM - 8:00 PM
## @ Raja Sweets, 1275 Winton Ave, Hayward, CA, USA 94545

Event Highlights
- Guest Speakers
- Kids Performances
- Cultural Programs
- Dinner will be served

RSVP by April, 13 2018

Ram Saroay 510-368-3983 | Amrik Chand 510-329-3215
Ram Kumar 408-406-3582 | Vinod Kumar 510-953-9800
Ram Sharan 510-409-2097 | Shashi Paul 707-372-5657

*Supporting organizations*
Ambedkar Association of North America
Ambedkar King Study Circle
Samta Sainik Dal


www.ambedkarinternationalcenter.org

# 99 ਸਾਲਾਂ ਬਾਦ ਵੀ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਪੂਰੀ ਪਹਿਚਾਣ ਅਤੇ ਸਨਮਾਨ ਨਾ ਮਿਲਿਆ



ਕੁਲਦੀਪ ਚੰਦ
91-94175-63054

ਅੱਜ ਦੇ ਦਿਨ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਹੋਏ ਗੋਲੀਕਾਂਡ ਜਿਸ ਵਿੱਚ ਅਣਗਣਿਤ ਨਿਹੱਥੇ ਨਿਰਦੋਸ਼ ਲੋਕ ਮਾਰੇ ਗਏ ਅਤੇ ਜਖਮੀ ਹੋਏ ਸਨ ਨੂੰ ਯਾਦ ਕਰਕੇ ਹਰ ਭਾਰਤ ਵਾਸੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਪਰ ਇਸਤੋਂ ਵੀ ਵੱਡੇ ਦੁੱਖ ਅਤੇ ਰੋਸ ਦੀ ਗੱਲ ਹੈ ਕਿ ਜਲਿਆਂਵਾਲਾ ਬਾਗ ਵਿੱਚ ਮਾਰੇ ਗਏ ਲੋਕਾਂ ਨੂੰ ਸਹੀ ਪਹਿਚਾਣ ਅਤੇ ਸਨਮਾਨ ਅਜ਼ਾਦੀ ਦੇ 7 ਦਹਾਕਿਆਂ ਬਾਦ ਵੀ ਹਾਸਲ ਨਹੀਂ ਹੋਇਆ ਹੈ। ਜਲਿਆਂਵਾਲਾ ਬਾਗ ਪ੍ਰਸਿੱਧ ਧਾਰਮਿਕ ਸਥਾਨ ਸ਼੍ਰੀ ਹਰਿਮੰਦਰ ਸਾਹਿਬ ਸ਼੍ਰੀ ਅ੍ਮਿਤਸਰ ਦੇ ਨੇੜੇ ਹੈ। ਇਤਿਹਾਸ ਅਨੁਸਾਰ ਇਹ ਬਾਗ ਹਿੰਮਤ ਸਿੰਘ ਦੇ ਪਰਿਵਾਰ ਦੀ ਸੰਪਤੀ ਸੀ ਜੋ ਕਿ ਪਿੰਡ ਜੱਲਾ ਜੋਕਿ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਥਿਤ ਹੈ ਤੋਂ ਇੱਥੇ ਆਏ ਸਨ। ਇਸ ਪਰਿਵਾਰ ਨੂੰ ਜੱਲੇਵਾਲੇ ਜਾਂ ਜੱਲੇ ਜਾਂ ਜੱਲਾ ਆਦਿ ਕਿਹਾ ਜਾਂਦਾ ਸੀ। ਇੱਥੇ 1920 ਵਿੱਚ ਇੰਡੀਅਨ ਨੈਸ਼ਨਲ ਕਾਂਗਸਰ ਪਾਰਟੀ ਵਲੋਂ ਇੱਕ ਟਰੱਸਟ ਬਣਾਇਆ ਗਿਆ ਅਤੇ 1923 ਵਿੱਚ ਇਸ ਟਰੱਸਟ ਨੇ ਇਹ ਜਮੀਨ 560472/- ਰੁਪਏ ਵਿੱਚ ਖਰੀਦੀ ਸੀ। ਬਾਗ ਵਿਚ ਲਾਟ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ 925000/- ਰੁਪਏ ਦੀ ਲਾਗਤ ਨਾਲ ਬਣਾਈ ਗਈ ਸੀ। ਅਜਾਦੀ ਤੋਂ ਕਈ ਸਾਲਾਂ ਬਾਦ 1961 ਵਿੱਚ ਜੋਤੀ ਦੇ ਅਕਾਰ ਦਾ 45 ਫੁੱਟ ਉੱਚਾ ਲਾਲ ਪੱਥਰਾਂ ਵਾਲਾ ਖੰਭਾ ਇਸ ਗੋਲੀਕਾਂਡ ਵਿੱਚ ਮਾਰੇ ਗਏ ਸ਼ਹੀਦਾਂ ਦੀ ਯਾਦ ਵਿੱਚ ਬਣਾਇਆ ਗਿਆ। ਇੱਥੇ ਇੱਕ ਅਮਰ ਜੋਤੀ ਵੀ ਬਣਾਈ ਗਈ ਹੈ ਜੋਕਿ ਹਮੇਸ਼ਾ ਬਲਦੀ ਰਹਿੰਦੀ ਹੈ। ਇਸ ਗੋਲੀਕਾਂਡ ਦਾ ਇਤਿਹਾਸ ਵੇਖੀਏ ਤਾਂ ਬ੍ਰਿਟਿਸ਼ ਸਰਕਾਰ ਵਲੋਂ ਪਾਸ ਕੀਤੇ ਗਏ ਰਾਅਲਟ ਐਕਟ ਦੇ ਵਿਰੋਧ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰੋਸ ਪ੍ਰਦਰਸ਼ਨ ਹੋ ਰਿਹਾ ਸੀ। ਇਸ ਕਾਰਨ ਬ੍ਰਿਟਿਸ਼ ਸਰਕਾਰ ਵਲੋਂ ਦੋ ਪ੍ਰਮੁੱਖ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਕਾਰਨ 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਮੂਹਰੇ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀ ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ ਜਿਹਨਾਂ ਨੂੰ ਪੁਲਿਸ ਗ੍ਰਿਫਤਾਰ ਕਰਕੇ ਕਿਸੇ ਗੁੱਪਤ ਜਗ੍ਹਾ ਤੇ ਲੈ ਗਈ ਸੀ। ਬ੍ਰਿਟਿਸ਼ ਫੌਜ ਨੇ ਪ੍ਰਦਰਸ਼ਨਕਾਰੀਆਂ ਤੇ ਗੋਲੀ ਚਲਾ ਦਿੱਤੀ ਜਿਸ ਕਾਰਨ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਅੰਗਰੇਜ਼ਾ ਖਿਲਾਫ ਰੋਸ ਹੋਰ ਵੱਧ ਗਿਆ ਅਤੇ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਦਫ਼ਤਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਹਮਲਾ ਕਰਕੇ ਭੰਨਤੋੜ ਸ਼ੁਰੂ ਕਰ ਦਿੱਤੀ। ਇਸ ਦੌਰਾਨ 5 ਯੂਰਪੀ ਨਾਗਰਿਕਾਂ ਸਮੇਤ ਕਈ ਸਰਕਾਰੀ ਅਧਿਕਾਰੀ ਅਤੇ ਆਮ ਨਾਗਰਿਕ ਮਾਰੇ ਗਏ। ਫੌਜ਼ ਨਾਲ ਪ੍ਰਦਰਸ਼ਨਕਾਰੀਆਂ ਦੀਆਂ ਕਈ ਝੜਪਾਂ ਹੋਈਆਂ ਜਿਸ ਵਿੱਚ 8 ਤੋਂ 20 ਪ੍ਰਦਰਸ਼ਨਕਾਰੀ ਮਾਰੇ ਗਏ। ਇਸਤੋਂ ਬਾਅਦ 11 ਅਪ੍ਰੈਲ, 1919 ਨੂੰ ਮਿਸ ਮਾਰਸੇਲਾ ਸ਼ੇਰਵੁੱਡ ਜੋ ਕਿ ਇੱਕ ਅੰਗਰੇਜ਼ ਮਿਸ਼ਨਰੀ ਸੀ ਅਤੇ ਸਕੂਲ ਚਲਾ ਰਹੀ ਸੀ ਨੇ ਸਕੂਲ ਬੰਦ ਕਰ ਦਿੱਤਾ ਅਤੇ ਲੱਗਭੱਗ 600 ਭਾਰਤੀ ਵਿਦਿਆਰਥੀਆਂ ਨੂੰ ਵਾਪਿਸ ਘਰ ਭੇਜ ਦਿੱਤਾ ਸੀ। ਇਸਦੇ ਰੋਸ ਵਜੋਂ ਭੜਕੀ ਭੀੜ ਨੇ ਕੂਚਾ ਕੂਰੀਚਨ ਤੰਗ ਗਲੀ ਵਿੱਚ ਉਸਨੂੰ ਵਾਲਾਂ ਤੋਂ ਫੜ ਕੇ ਘਸੀਟਿਆ ਅਤੇ ਕੁੱਟਿਆ। ਇਸਤੋਂ ਬਾਅਦ ਜਨਰਲ ਡਾਇਰ ਨੇ ਉਸੇ ਗਲੀ ਵਿੱਚ ਭਾਰਤੀਆਂ ਨੂੰ ਗੋਡਿਆਂ ਅਤੇ ਹੱਥਾਂ ਭਾਰ ਰੇਂਗ ਕੇ ਚੱਲਣ ਲਈ ਮਜ਼ਬੂਰ ਕੀਤਾ ਸੀ। ਇਸਤੋਂ ਅਗਲੇ ਦੋ ਦਿਨਾਂ ਤੱਕ ਪੰਜਾਬ ਵਿੱਚ ਹਿੰਸਾ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਇਸਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਮਾਰਸ਼ਲ ਲਾਅ ਲਗਾ ਦਿੱਤਾ। ਇਸਤੋਂ ਬਾਅਦ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਹਰਮਿੰਦਰ ਸਾਹਿਬ ਨੇੜੇ ਜ਼ਲਿਆਵਾਲਾ ਬਾਗ ਵਿੱਚ ਲੋਕਾਂ ਦਾ ਭਾਰੀ ਇਕੱਠ ਜਿਸ ਵਿੱਚ ਲੱਗਭੱਗ ਪੰਜ ਹਜ਼ਾਰ ਵਿਅਕਤੀ ਹਾਜ਼ਰ ਸਨ ਸ਼ਾਂਤੀਪੂਰਵਕ ਸਭਾ ਕਰ




ਰਿਹਾ ਸੀ। ਇਹ ਜਲਸਾ ਸ਼ਾਮ ਦੇ 4 ਵੱਜ ਕੇ 30 ਮਿੰਟ ਤੇ ਸ਼ੁਰੂ ਹੋਇਆ ਸੀ। ਇਸ ਵਿੱਚ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਿਲ ਸਨ। ਸ਼ਾਮ ਦੇ 5 ਵੱਜ ਕੇ 30 ਮਿੰਟ ਤੇ ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਇਹ ਫੌਜੀ 303 ਲੀ ਇਨਫੀਲਡ ਬੋਲਟ ਐਕਸ਼ਨ ਰਾਈਫਲਾਂ ਨਾਲ ਲੈਸ ਸਨ। ਇਸ ਮੌਕੇ ਜਨਰਲ ਡਾਇਰ ਆਪਣੇ ਨਾਲ ਦੋ ਗੱਡੀਆਂ ਵਿੱਚ ਮਸ਼ੀਨਗੰਨਾਂ ਵੀ ਲੈ ਕੇ ਆਇਆ ਸੀ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਇਹ ਬਾਗ ਦੋ ਸੋ ਗਜ ਲੰਮਾ ਅਤੇ ਇੱਕ ਸੋ ਗਜ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ।ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ। ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ। ਪੰਜਾਬ ਦੇ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਸੀ ਅਤੇ ਹਜ਼ਾਰਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਪਰ ਅੰਗਰੇਜ਼ਾਂ ਨੇ ਇਸਦੇ ਬਦਲੇ ਵਿੱਚ ਜਲਿਆਂਵਾਲਾ ਬਾਗ ਵਿੱਚ ਨਿਹੱਥੇ ਪੰਜਾਬੀ ਪੇਂਡੂਆਂ ਦੇ ਖੂਨ ਦੀ ਹੌਲੀ ਖੇਡੀ। ਜਲਿਆਂਵਾਲਾ ਬਾਗ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਅੱਜ ਤੱਕ ਤਾਂ ਪੂਰੀ ਗਿਣਤੀ ਅਤੇ ਜਾਣਕਾਰੀ ਹੀ ਪਤਾ ਨਹੀਂ ਚੱਲ ਸਕੀ ਹੈ ਅਤੇ ਨਾਂ ਹੀ ਅੱਜ ਤੱਕ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ ਹੈ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਮਾਰੇ ਗਏ ਸਨ ਅਤੇ ਲੱਗਭੱਗ 1100 ਵਿਅਕਤੀ ਜਖਮੀ ਹੋਏ ਸਨ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਹਨ, ਇੰਡੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ ਸੀ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਹੈ। ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਸਹੀਦ ਹੋਏ ਸਨ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ। ਉਨ੍ਹਾਂ ਅਨੁਸਾਰ ਇਸ ਗੋਲੀਕਾਂਡ ਵਿੱਚ 200 ਵਿਅਕਤੀ ਜਖਮੀ ਹੋਏ ਸਨ। ਕੁੱਝ ਇਤਿਹਾਸਕਾਰਾਂ ਸਨ ਇਸ ਗੋਲੀਕਾਂਡ ਨੂੰ ਕਰਵਾਉਣ ਵਿੱਚ ਕੁੱਝ ਸਥਾਨਕ ਆਗੂਆਂ ਦਾ ਵੀ ਵੱਡਾ ਹੱਥ ਸੀ। ਉਸ ਵੇਲੇ ਦਰਬਾਰ ਸਾਹਿਬ ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਦਰਬਾਰ ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ ਦਰਬਾਰ ਸਾਹਿਬ ਵਿੱਚ ਦਲਿਤਾਂ ਨੂੰ ਜਾਣ ਤੋਂ ਰੋਕਿਆ ਸੀ ਅਤੇ ਇਹ ਇਕੱਠ ਇਸ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਬੁਲਾਇਆ ਗਿਆ ਸੀ। ਗੋਲੀਕਾਂਡ ਤੋਂ ਬਾਦ ਅਰੂੜਾ ਸਿੰਘ ਨੇ ਜਨਰਲ ਡਾਇਰ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਸੀ। ਇਸ ਹੱਤਿਆਕਾਂਡ ਦੇ ਵਿਰੋਧ ਵਿੱਚ ਰਬਿੰਦਰਨਾਥ ਟੈਗੋਰ ਨੇ ਸਰ ਦੀ ਉਪਾਧੀ ਮੋੜ ਦਿੱਤੀ। ਇਸ ਖ਼ੂਨੀ ਕਾਂਡ ਦਾ ਬਦਲਾ ਇੱਕ ਅਣਖੀਲੇ ਪੰਜਾਬੀ ਸੂਰਮੇ ਸ਼ਹੀਦ ਊਧਮ ਸਿੰਘ ਜੋਕਿ ਖੁਦ ਇਸ ਗੋਲੀਕਾਂਡ ਮੌਕੇ ਬਾਗ ਵਿੱਚ ਸੀ ਅਤੇ ਜਖ਼ਮੀ ਹੋਇਆ ਸੀ ਨੇ ਲਿਆ ਸੀ। ਮਾਈਕਲ ਓਡਵਾਇਰ ਜੋ ਕਿ ਜਲਿਆਵਾਲਾ ਬਾਗ ਦੇ ਖ਼ੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਸੀ ਅਤੇ ਜਨਰਲ ਡਾਇਰ ਨੂੰ ਕਤਲੇਆਮ ਕਰਨ ਦੀ ਇਜਾਜ਼ਤ ਦਿੱਤੀ ਸੀ ਨੂੰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੱਕ ਸਭਾ ਵਿੱਚ ਗੋਲੀ ਮਾਰਕੇ ਮਾਰ ਦਿੱਤਾ ਸੀ। ਇਸਦਾ ਡਿਜਾਇਨ ਅਮਰੀਕਾ ਦੇ ਪ੍ਰਸਿੱਧ ਆਰਕ-ਟੈਕਟ ਬੈਂਜਾਮੀਨ ਪੋਲਕ ਨੇ ਤਿਆਰ ਕੀਤਾ ਅਤੇ 13 ਅਪ੍ਰੈਲ 1961 ਨੂੰ ਭਾਰਤ ਦੇ ਰਾਸ਼ਟਰਪਤੀ ਡਾਕਟਰ ਰਾਜਿੰਦਰਾ ਪ੍ਰਸਾਦ ਨੇ ਇਸਦਾ ਉਦਘਾਟਨ ਕੀਤਾ ਸੀ। ਬ੍ਰਿਟਿਸ਼ ਸਰਕਾਰ ਦੇ ਕਈ ਆਗੂਆਂ ਨੇ ਸਮੇਂ ਸਮੇਂ ਤੇ ਇਸ ਬਾਗ ਦਾ ਦੌਰਾ ਕੀਤਾ ਹੈ। ਇਸ ਦਰਦਨਾਕ ਘਟਨਾ ਤੋਂ ਕਈ ਸਾਲਾਂ ਬਾਦ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਇਸ ਇਤਿਹਾਸਕ ਬਾਗ ਵਿੱਚ ਆਏ ਸਨ ਅਤੇ ਇਸ ਗੋਲੀਕਾਂਡ ਨੂੰ ਰਾਖਸ਼ਸ਼ੀ ਘਟਨਾ ਤੱਕ ਕਹਿਕੇ ਇੱਕ ਸ਼ਰਮਨਾਕ ਘਟਨਾ ਕਰਾਰ ਦਿਤਾ। 1997 ਵਿੱਚ ਮਹਾਰਾਣੀ ਐਲਿਜਾਵੈਥ ਦੂਜੀ ਅਤੇ ਉਸਦੇ ਪਤੀ ਅਤੇ ਡਿਉਕ ਆਫ ਐਡਿਨਵਰਗ ਪ੍ਰਿੰਸ ਫਿਲਿਪ ਨੇ ਵੀ ਇਸ ਥਾਂ ਦਾ ਦੌਰਾ ਕੀਤਾ। ਦੁੱਖ ਦੀ ਗੱਲ ਹੈ ਕਿ 13 ਅਪ੍ਰੈਲ 1919 ਨੂੰ ਜ਼ਲਿਆਂਵਾਲਾ ਬਾਗ ਵਿੱਚ ਸ਼ਹੀਦ ਹੋਣ ਵਾਲੇ ਲੋਕ ਅਜੇ ਤੱਕ ਬੁਝਾਰਤ ਹੀ ਬਣੇ ਹੋਏ ਹਨ ਅਤੇ ਸ਼ਹੀਦ ਹੋਏ ਦੇਸਵਾਸੀਆਂ ਦੀ ਅਸਲੀਅਤ ਅਜੇ ਤੱਕ ਲੋਕਾਂ ਸਾਹਮਣੇ ਨਹੀਂ ਆ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਨੂੰ ਅਗਿਆਤ ਨਾ ਰਹਿਣ ਦੇਵੇ ਸਗੋਂ ਉਹਨਾਂ ਦੇ ਨਾਮ ਅਤੇ ਤਸਵੀਰਾਂ ਸਨਮਾਨ ਸਹਿਤ ਲਗਾਈਆਂ ਜਾਣ ਅਤੇ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦੇ ਕੇ ਬਣਦਾ ਸਨਮਾਨ ਦੇਣਾ ਚਾਹੀਦਾ ਹੈ।

# ਕਿਉਂ ਵਧ ਰਹੀਆਂ ਹਨ ਬਲਾਤਕਾਰ ਦੀਆਂ ਘਟਨਾਵਾਂ?

ਅਜੋਕੀ ਅਸਿੱਧੀ ਦਿਸ਼ਾ 'ਚ ਔਰਤ ਦੀ ਸਥਿਤੀ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਜਿਸ ਔਰਤ ਨੇ ਮਾਂ ਦੇ ਅਣਮੁੱਲੇ ਤੇ ਦਿਲਕਸ਼ ਰੂਪ 'ਚ ਰਾਜੇ ਮਹਾਰਾਜਿਆਂ ਨੂੰ ਜਨਮ ਦਿੱਤਾ ਹੈ। ਹੁਣ ਉਹੀ ਔਰਤ ਨੂੰ ਸਮਾਜ ਵੱਲੋਂ ਪੂਰਾ ਮਾਨ ਸਨਮਾਨ ਨਾ ਮਿਲਣ ਕਾਰਨ ਅੱਜ ਥਾਂ-ਥਾਂ ਬਲਾਤਕਾਰਾਂ ਦੀਆਂ ਦਿਲ ਕੰਬਾਊ ਘਟਨਾਵਾਂ ਵਧ ਰਹੀਆਂ ਨੇ। ਜਿਸ ਦੇ ਪਿੱਛੇ ਕਾਰਨ ਤਾਂ ਹੋਰ ਵੀ ਬਹੁਤ ਹਨ, ਪਰ ਸਭ ਤੋਂ ਵੱਡੀ ਸਾਡੀ ਖਰੂਦ ਸੋਚ ਹੀ ਹੈ। ਔਰਤ ਵੰਸ਼ ਦਾ ਮੁੱਢਲਾ ਪਹਿਲੂ ਹੈ। ਫਿਰ ਵੀ ਇਸ ਨੂੰ ਅਣਦੇਖਿਆ ਕਿਉਂ ਕੀਤਾ ਜਾ ਰਿਹਾ ਹੈ। ਕੀ ਇਨ੍ਹਾਂ ਔਰਤਾਂ ਨੇ ਸਾਨੂੰ ਜੱਗ ਨਹੀਂ ਵਿਖਾਇਆ? ਚਲੰਤ ਦੌਰ ਦੀ ਖ਼ਤਰਨਾਕ ਸੀਮਾਂ 'ਤੇ ਬਲਾਤਕਾਰਾਂ ਦੀ ਸੰਖਿਆ ਭਿਆਨਕ ਤਰੀਕੇ ਨਾਲ ਸ਼ਰਮ ਹੋਇਆ ਦੇ ਸਭ ਮੀਲ ਪੱਥਰ ਪਿਛਾਂਹ ਛੱਡ ਚੁੱਕੀ ਏ। ਬੀਤੇ ਵੇਲੇ ਦਿੱਲੀ 'ਚ ਬੇਰਹਿਮੀ ਨਾਲ ਹੋਏ ਬਲਾਤਕਾਰਾਂ ਨੇ ਇੱਕ ਵਾਰ ਫਿਰ ਤੋਂ ਤਮਾਮ ਔਰਤਾਂ ਦੀ ਦੁਖਦੀ ਰਗ 'ਤੇ ਗਹਿਰੀ ਸੱਟ ਮਾਰੀ ਹੈ। ਏਸੇ ਅਭੁੱਲ ਯਾਦ ਦੀ ਵਜ੍ਹਾ ਕਾਰਨ ਅਨਰੂਪ ਔਰਤਾਂ 'ਤੇ ਡਰ ਦੀ ਹਨੇਰੀ ਬਿਨਾਂ ਸਿਰਨਾਵੇਂ ਤੋਂ ਝੁੱਲ ਚੁੱਕੀ ਹੈ। ਜੇ ਮੈਂ ਕੁੱਝ ਪੁਰਾਤਨ ਭਵਿੱਖ ਦੀ ਗੱਲ ਕਰਾਂ ਤਾਂ ਉਦੋਂ ਅਜਿਹਾ ਕੁੱਝ ਵੀ ਨਹੀਂ ਸੀ। ਪਹਿਲਾਂ ਤਾਂ 15-15, 20-20 ਸਾਲ ਦੇ ਮੁੰਡੇ-ਕੁੜੀਆਂ ਭੈਣ-ਭਰਾਵਾਂ ਵਾਂਗ ਅੱਧੀ-ਅੱਧੀ ਰਾਤ ਤੱਕ ਇਕੱਠੇ ਖੇਡਦੇ ਰਹਿੰਦੇ ਸਨ। ਕਿਸੇ ਨੂੰ ਬਰਤੀਬੇ ਖ਼ਿਆਲਾਂ ਦੀ ਜ਼ਿਆਦਾ ਸੂਝ-ਬੂਝ ਨਹੀਂ ਹੁੰਦੀ ਸੀ। ਜ਼ਿਕਰਯੋਗ ਵਿਸ਼ੇਸ਼ ਅਮਿੱਟ ਵਿਚਾਰ ਇਹ ਵੀ ਹਨ ਕਿ ਜੇ ਕਿਸੇ ਭਰਾ ਦੇ ਆਪਣੀ ਕੋਈ ਸਕੀ ਭੈਣ ਨਾ ਹੁੰਦੀ ਤਾਂ ਉਸ ਦੇ ਚਾਚੇ, ਤਾਏ ਜਾਂ ਮਾਸੀ ਦੀਆਂ ਕੁੜੀਆਂ ਰੱਖੜੀ ਬੰਨ੍ਹਦੀਆਂ ਸਨ। ਇਸ ਤੋਂ ਛੁਟ ਸਿਰਜਣਯੋਗ ਸਤਰਾਂ ਦੀ ਪੁਸ਼ਟੀ



ਪਰਮਜੀਤ ਖੁਰਮੀ



ਦਰਦੀ ਸਰਬਜੀਤ



ਪ੍ਰਮੋਦ ਧੀਰ

ਇਹ ਵੀ ਸਿੱਧ ਕਰਦੀ ਹੈ ਕਿ ਕਈ ਮੁੰਡੇ ਤਾਂ ਆਂਢ-ਗੁਆਂਢ ਦੀਆਂ ਕੁੜੀਆਂ ਨੂੰ ਧਰਮ ਦੀ ਭੈਣ ਸਮਝ ਕੇ ਵੀ ਆਪਣੇ ਗੁੱਟ 'ਤੇ ਰੱਖੜੀ ਬੰਨ੍ਹਵਾ ਲੈਂਦੇ ਸਨ। ਬਤੀਤ ਦੇ ਵਰ੍ਹਿਆਂ ਵਕਤ ਔਰਤ ਨੂੰ ਚਾਰ ਚੁਫੇਰਿਓਂ ਚੰਗਾ ਮਾਣ-ਸਨਮਾਨ ਮਿਲਦਾ ਸੀ।

**ਕੀ ਕਹਿੰਦੇ ਹਨ ਅਧਿਆਪਕ ਪ੍ਰਮੋਦ ਧੀਰ?**

'ਹੁਣ ਪਹਿਲਾਂ ਵਾਲਾ ਕੁੱਝ ਵੀ ਨਹੀਂ ਰਿਹਾ।' ਹੁਣ ਨਾ ਤਾਂ ਔਰਤ ਦਾ ਪਹਿਰਾਵਾ ਪਹਿਲਾਂ ਵਾਲਾ ਰਿਹਾ ਹੈ, ਨਾ ਔਰਤ ਦੀ ਸਾਦਗੀ ਪਹਿਲਾਂ ਵਾਲੀ ਰਹੀ ਹੈ, ਨਾ ਕੁਲਦੀਪ ਮਾਣਕ ਵਰਗੇ ਸੱਭਿਆਚਾਰ ਦੇ ਲੋਕਪੱਖੀ ਰਖਵਾਲੇ ਇਸ ਧਰਤੀ 'ਤੇ ਰਹੇ ਨੇ ਅਤੇ ਨਾ ਅੱਜ ਦੇ ਮਨੁੱਖ ਦੀ ਔਰਤ ਪ੍ਰਤੀ ਮਾਂ-ਭੈਣ ਵਾਲੀ ਸੋਚ ਰਹੀ ਹੈ। ਜਿਸ ਕਾਰਨ ਅਜੋਕੀ ਔਰਤ ਨੂੰ ਆਪਣੀ ਇੱਜ਼ਤ ਪ੍ਰਤੀ ਖ਼ੁਦ ਨੂੰ ਚਿੰਤਾਤੁਰ ਹੋਣਾ ਪੈ ਰਿਹਾ ਹੈ। ਪਹਿਲਾਂ ਸਾਡੇ ਵਿਰਸੇ ਦਾ ਪੰਜਾਬੀ ਪਹਿਰਾਵਾ ਹੀ ਮੁੱਖ ਬਿੰਦੂ ਹੁੰਦਾ ਸੀ। ਸੱਜ ਵਿਆਹੀਆਂ ਤੇ ਕੁਵਾਰੀਆਂ ਕੁੜੀਆਂ ਦੇ ਸਿਰ 'ਤੇ ਚੁੰਨੀ ਅਤੇ ਉਸ ਦੇ ਪੰਜਾਬੀ ਸੂਟ, ਕੱਢਵੀਂ ਜੁੱਤੀ, ਪੈਰੀਂ ਝਾਂਜਰਾਂ ਤੇ ਸੁਹੱਪਣ ਵਾਲੇ ਹੁਲਸਾਊ ਚਿਹਰੇ ਇਹੀ ਸਾਦਗੀ ਦੀਆਂ ਪਲੇਠੀਆਂ ਨਿਸ਼ਾਨੀਆਂ ਹੁੰਦੀਆਂ ਸਨ। ਜੇ ਅੱਜ ਦੇ ਕਲਚਰ ਨੂੰ ਥੋੜ੍ਹਾ ਅੱਗੇ ਤੋਰੀਏ ਤਾਂ ਇਸ ਨਤੀਜੇ 'ਤੇ ਪਹੁੰਚਦੇ ਹਾਂ। ਅੱਧੀਆਂ ਨਾਲੋਂ ਵੱਧ ਕੁੜੀਆਂ ਨੂੰ ਤਾਂ ਇਹ ਵੀ ਨਹੀਂ ਪਤਾ

**(ਬਾਕੀ ਅਗਲੇ ਸਫੇ 'ਤੇ)**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641 ਵਾਂ ਪਾਵਨ ਪ੍ਰਕਾਸ਼ ਦਿਹਾੜਾ

**(ਸਫਾ 1 ਦੀ ਬਾਕੀ)**

Navarro (Jim's wife), Van Cabrieto Field Manager Wings of Angels, Rick Jones Councilmember Fremont ਨੇ ਗੁਰਪੁਰਬ ਦੀਆਂ ਵਧਾਈਆਂ ਦਿੰਦੇ ਹੋਏ ਦੋ ਸਬਦ ਸਾਂਝੇ ਕੀਤੇ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਸਮੂਹ ਗੁਰੂਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਪੁਰਬ ਮਨਾਏ ਜਾਣ ਦੇ ਵਧੀਆ ਪ੍ਰਬੰਧ ਕੀਤੇ ਸਨ।ਸਵੇਰੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਪਾਠ ਪੜ੍ਹੇ ਗਏ ਤੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਬੀਬੀ ਚੰਚਲਦੀਪ ਜੀ ਦੇ ਢਾਡੀ ਜਥੇ ਨੇ ਧਾਰਮਿਕ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਕ੍ਰਮਵਾਰ ਸਟੇਜ ਦੀ ਸੇਵਾ ਨਿਭਾਉਂਦੇ ਹੋਏ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਪ੍ਰਧਾਨ ਸ੍ਰੀ ਕੇਵਲ ਸਿੰਘ ਜੀ ਨੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਆਪ ਵੀ ਦੋ ਸ਼ਬਦ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਤੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਸਮੂਹ ਸੰਗਤ ਨੂੰ 641ਵੇਂ ਪਾਵਨ ਗੁਰਪੁਰਬ ਮਨਾਏ ਜਾਣ ਅਤੇ ਪੂਰਨ ਸਹਿਯੋਗ ਲਈ ਵਧਾਈ ਦਿੱਤੀ ਅਤੇ ਸਿਟੀ ਕੌਂਸਲ ਅਧਿਕਾਰੀਆਂ ਦਾ ਵੀ ਗੁਰੂ ਘਰ ਦੀ ਨਵੀਂ ਬਿਲਡਿੰਗ ਉਸਾਰੇ ਜਾਣ ਦੀ ਪ੍ਰਵਾਨਗੀ ਤੇ ਧੰਨਵਾਦ ਕੀਤਾ।

ਇਸ ਮੌਕੇ ਜਿਹਨਾਂ ਬੁਲਾਰਿਆਂ ਨੇ ਸੰਗਤਾਂ ਨਾਲ ਦੋ ਸ਼ਬਦ ਸਾਂਝੇ ਕੀਤੇ, ਉਹਨਾਂ ਵਿਚ ਫਰੀਮਾਂਟ ਸਿਟੀ ਦੀ ਮੇਅਰ ਮੈਡਮ ਲਿਲੀ ਮੇਅ ਤੋਂ ਇਲਾਵਾ ਯੂਨੀਅਨ ਸਿਟੀ ਕੌਂਸਲ ਮੈਂਬਰ ਸ. ਗੈਰੀ ਸਿੰਘ, ਜਿੰਮ ਨਵੇਰੋ ਸਾਬਕਾ ਮੇਅਰ, ਹਰਪਾਲ ਸਿੰਘ ਮਾਨ ਚੇਅਰਮੈਨ ਪਲਾਨਿੰਗ ਕਮਿਸ਼ਨ ਯੂਨੀਅਨ ਸਿਟੀ, ਅਜੀਤ ਸਿੰਘ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੀਆਂ ਨਾਮਵਰ ਸ਼ਖਸੀਅਤਾਂ ਸਰਵਸ੍ਰੀ ਰਾਮ ਮੂਰਤੀ ਸਰੋਏ, ਸੁਖਰਾਜ ਚੋਪੜਾ, ਰੋਸ਼ਨੀ ਚੋਪੜਾ, ਰਮੇਸ਼ ਸੁੰਮਨ ਚੇਅਰਮੈਨ, ਸ਼ਿਵ ਸਿੱਧੂ, ਬਲਵਿੰਦਰ ਰੱਲ੍ਹ, ਵੀਰ ਚੰਦ ਸੁਰੀਲਾ, ਪੀ. ਕੇ. ਚੁੰਬਰ, ਗੁਰਬਚਨ ਸਿੰਘ, ਕਰਮ ਸਿੰਘ ਬੰਗੜ, ਪਲਵਿੰਦਰ ਮਾਹੀ ਆਦਿ ਬੁਲਾਰਿਆਂ ਨੇ ਸਤਿਗੁਰੂ ਰਵਿਦਾਸ ਜੀ ਦੇ 641ਵੇਂ ਗੁਰਪੁਰਬ ਮਨਾਏ ਜਾਣ ਅਤੇ ਗੁਰੂ ਘਰ ਦੀ ਉਸਾਰੀ ਲਈ ਸਿਟੀ ਕੌਂਸਲ ਵੱਲੋਂ ਮਿਲੀ ਪ੍ਰਵਾਨਗੀ ਦੀ ਹਾਰਦਿਕ ਵਧਾਈ ਦਿੰਦਿਆਂ ਸਤਿਗੁਰੂ ਰਵਿਦਾਸ ਜੀ ਦੇ ਬੇਗਮਪੁਰਾ ਸਹਰ ਕੋ ਨਾਉ .. ਅਤੇ ਐਸਾ ਚਾਹੂੰਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ, ਆਦਿ ਅੱਜ ਦੇ ਸਮੇਂ 'ਚ ਮੁੱਖ ਰੱਖਦੇ ਹੋਏ ਮੌਜੂਦਾ ਹਾਲਾਤ ਨੂੰ ਬੜੀ ਗਹਿਰਾਈ ਨਾਲ ਵਿਚਾਰਦਿਆਂ ਵਿਚਾਰ ਸਾਂਝੇ ਕੀਤੇ। ਇਹਨਾਂ ਬੁਲਾਰਿਆਂ ਦੀ ਭਾਰਤ ਅੰਦਰ ਵਾਪਰ ਰਹੀਆਂ ਅਣ-ਸੁਖਾਵੀਆਂ ਘਟਨਾਵਾਂ ਖਾਸ ਕਰਕੇ ਐਸ. ਸੀ./ਐਸ. ਟੀ. ਐਕਟ ਪ੍ਰਤੀ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਦੁਆਰਾ ਦਿੱਤਾ ਫੈਸਲਾ ਦਲਿਤ ਸਮਾਜ ਲਈ ਡੂੰਘੀ ਚਿੰਤਾ ਦਾ ਵਿਸ਼ਾ ਦੱਸਿਆ। 641ਵੇਂ ਗੁਰਪੁਰਬ ਦੀ ਖੁਸ਼ੀ ਵਿਚ ਦਾਨੀ ਪਰਿਵਾਰ ਅਤੇ ਪ੍ਰਬੰਧਕ ਕਮੇਟੀ ਦੇ ਖਜਾਨਚੀ ਸ੍ਰੀ ਸੰਤੋਖ ਸਿੰਘ ਸਰੋਇਆ ਜੀ ਤੇ ਉਹਨਾਂ ਦੀ ਮਿਸਿਜ਼ ਰਣਜੀਤ ਕੌਰ ਸਰੋਇਆ ਜੀ ਨੂੰ, ਗੁਰੂ ਘਰ ਦੀ ਬਿਲਡਿੰਗ ਉਸਾਰੀ ਲਈ ਦਿੱਤੇ 5000 ਡਾਲਰ ਲਈ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਤਰ੍ਹਾਂ ਇਕ ਹੋਰ ਦਾਨੀ ਪਰਿਵਾਰ ਨੇ ਗੁਪਤ ਪੰਜ ਸੌ ਡਾਲਰ ਦਾਨ ਕੀਤੇ। ਇਹਨਾਂ ਤੋਂ ਇਲਾਵਾ ਸ੍ਰੀ ਸਰਬਜੀਤ ਸਿੰਘ ਜਿਹਨਾਂ ਛੋਲੇ-ਭਟੂਰਿਆਂ ਦੀ ਸੇਵਾ ਕੀਤੀ, ਚਾਟ ਭਵਨ ਵਾਲੇ, ਸ੍ਰੀ ਰਾਮ ਲੁਭ-ਾਇਆ ਜੀ ਨੇ ਗਰਮ-ਗਰਮ ਜਲੇਬੀਆਂ ਦੀ ਸੇਵਾ ਕੀਤੀ, ਸ੍ਰੀ ਕਰਨੈਲ ਸਿੰਘ ਤੇ ਉਹਨਾਂ ਦੇ ਪਰਿਵਾਰ ਨੇ ਮੈਂਗੋ ਲੱਸੀ ਦਾ ਸਟਾਲ ਲਾ ਕੇ ਸੇਵਾ ਕੀਤੀ, ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਤੋਂ ਇਲਾਵਾ ਸ੍ਰੀ ਵਿਨੋਦ ਚੁੰਬਰ, ਕੇਵਲ ਸਿੰਘ, ਕੁਲਵੰਤ ਸਿੱਧੂ, ਪੀ. ਕੇ. ਚੁੰਬਰ ਅਤੇ ਸੋਨੀਪਾਲ ਆਦਿ ਦਾ ਵੀ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਅੱਜ ਦੇ ਵਿਸੇਸ ਦਿਹਾੜੇ 'ਤੇ ਸੋਨੂੰ ਅੰਬੇਦਕਰ ਨੇ ਬੁੱਕ ਸਟਾਲ ਲਗਾਇਆ।

ਸਾਰਾ ਦਿਨ ਗੁਰੂ ਘਰ ਵੱਲੋਂ ਅਤੇ ਦਾਨੀ ਪਰਿਵਾਰਾਂ ਵੱਲੋਂ ਲੰਗਰ ਚਲਦੇ ਰਹੇ। ਇਸ ਮੌਕੇ ਸਕਿਊਰਟੀ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਅਖੀਰ ਵਿਚ ਸਰਬੱਤ ਦੇ ਭਲੇ ਦੀ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਨੇ ਅਰਦਾਸ ਕੀਤੀ। ਚੇਅਰਮੈਨ ਨੇ ਸਮੂਹ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਕੈਲੇ-ਫੋਰਨੀਆ ਦੀ ਬਾਕੀ ਪੰਜ ਸਭਾਵਾਂ ਵੱਲੋਂ ਗੁਰਪੁਰਬ ਮੌਕੇ ਪਹੁੰਚ ਕੇ ਹਾਜ਼ਰੀਆਂ ਭਰਨ ਤੇ ਸਹਿਯੋਗ ਲਈ ਸਿਰੋਪਾਓ ਨਾਲ ਸਨਮਾਨ ਤੇ ਧੰਨਵਾਦ ਕੀਤਾ।

# ਭਾਰਤ ’ਚ ਜਾਤ ਆਧਾਰਿਤ ਰਾਖਵੇਂਕਰਨ ਦੀ ਲੋੜ ਕਿਉਂ ਹੈ?



**ਦੇਸ ਰਾਜ ਕਾਲੀ**
**ਲੇਖਕ ਅਤੇ ਸੀਨੀਅਰ ਪੱਤਰਕਾਰ**

ਰਾਖਵੇਂਕਰਨ ਨੂੰ ਲੈ ਕੇ ਇੱਕ ਵਾਰ ਫਿਰ ਮਿੱਥ ਨੇ ਮੈਦਾਨ ਮੱਲ ਲਿਆ ਹੈ। ਮਸਲਾ ਭਾਵੇਂ ਦਲਿਤ ਅੱਤਿਆਚਾਰ ਵਿਰੋਧੀ ਐਕਟ ਨੂੰ ਲਚਕੀਲਾ ਬਣਾਉਣ ਨਾਲ ਮੁੜ ਭਖਿਆ, ਪਰ ਸਾਹ ਇਸ ਨੇ ਰਿਜ਼ਰਵੇਸ਼ਨ ਦੀ ਵਿਰੋਧਤਾ ਉੱਤੇ ਆ ਕੇ ਹੀ ਲਿਆ।

ਸਾਨੂੰ ਇਸ ਗੱਲ ਦੀ ਤਹਿ ਤੱਕ ਜਾਣਾ ਚਾਹੀਦਾ ਹੈ ਕਿ ਅਖ਼ੀਰ ਵਿੱਚ ਆ ਕੇ ਦਲਿਤ ਮੁੱਦਿਆਂ ਨਾਲ ਜੁੜਿਆ ਕੋਈ ਵੀ ਨੁਕਤਾ, ਰਿਜ਼ਰਵੇਸ਼ਨ ਦੇ ਵਿਰੋਧ ਉੱਤੇ ਹੀ ਕਿਉਂ ਆ ਜਾਂਦਾ ਹੈ? ਕਿਉਂ ਫਿਰ ਉਸੇ ਸਵਾਲ ਨੂੰ ਰਿੜਕਿਆ ਜਾਂਦਾ ਹੈ? ਲੋਕਾਂ ਦਾ ਗੁੱਸਾ ਉਬਾਲੇ ਮਾਰਨ ਲੱਗਦਾ ਹੈ। ਉਹ ਕਿਵੇਂ ਲੁੱਟੇ ਗਏ ਮਹਿਸੂਸ ਕਰਨ ਲੱਗਦੇ ਹਨ?

ਆਖ਼ਰ ਉਹ ਕਿਹੜੀ ਰਗ਼ ਹੈ, ਜਿਸਦੇ ਕਾਰਨ ਜਨਰਲ ਸਮਾਜ ਨੂੰ ਇੰਝ ਹੀ ਨਜ਼ਰ ਆਉਣ ਲੱਗਦਾ ਹੈ ਕਿ ਸਾਰੀਆਂ ਨੌਕਰੀਆਂ ਤਾਂ ਰਿਜ਼ਰਵੇਸ਼ਨ ਨਾਲ ਦਲਿਤ ਲੈ ਗਏ, ਉਹ ਠੱਗੇ ਗਏ।

ਉਹਨਾਂ ਦਾ ਹੱਕ ਮਾਰਿਆ ਗਿਆ। ਰਿਜ਼ਰਵੇਸ਼ਨ ਕਾਰਨ ਸਾਰੇ ਨਲਾਇਕ ਹੀ ਭਰਤੀ ਹੋਏ ਨੇ। ਇਹ ਸਾਰੀਆਂ ਅਵਾਜ਼ਾਂ ਤੁਹਾਨੂੰ ਸੋਸ਼ਲ ਮੀਡੀਆ ਉੱਤੇ ਵਾਇਰਲ ਹੁੰਦੀਆਂ ਦਿਖਾਈ ਦਿੰਦੀਆਂ ਹਨ। ਐਨਾ ਵੱਡਾ ਭਰਮ ਸਿਰਜ ਦਿੱਤਾ ਜਾਵੇਗਾ ਕਿ ਤੁਸੀਂ ਜਦੋਂ ਹਕੀਕਤ ਨਾਲ ਉਹਦਾ ਭੇੜ ਕਰਾਓ, ਤਾਂ ਤੁਹਾਨੂੰ ਲੱਗੇਗਾ ਕਿ ਇਸ ਤੋਂ ਵੱਡੀ ਬੇਇਨਸਾਫ਼ੀ ਵਾਲੀ ਗੱਲ ਹੋ ਨਹੀਂ ਸਕਦੀ। ਇਹ ਸਾਰੀ ਮਿੱਥ ਸਮਾਜ ਨੂੰ ਦੋਫਾੜ ਕਰਦੀ ਹੈ, ਇਸ ਵਾਸਤੇ ਚਰਚਾ ਬਹੁਤ ਜ਼ਰੂਰੀ ਹੈ। ਸਾਨੂੰ ਇਸ ਮਿੱਥ ਤੋਂ ਛੁਟਕਾਰਾ ਪਾ ਕੇ ਤਰਕ ਨਾਲ ਗੱਲ ਨੂੰ ਸਮਝਣਾ ਚਾਹੀਦਾ ਹੈ। ਰਿਜ਼ਰਵੇਸ਼ਨ ਨੂੰ ਆਰਥਿਕ ਨਹੀਂ, ਸਮਾਜਿਕ ਪਰਿਪੇਖ ਤੋਂ ਸਮਝੋ! ਪਹਿਲੀ ਗੱਲ ਤਾਂ ਇਹ ਕਿ ਵਾਰ-ਵਾਰ ਇਹ ਰੌਲਾ ਪਾਇਆ ਜਾਂਦਾ ਹੈ ਕਿ ਰਿਜ਼ਰਵੇਸ਼ਨ ਆਰਥਿਕ ਅਧਾਰ ਉੱਤੇ ਹੋਣੀ ਚਾਹੀਦੀ ਹੈ।

ਇਹ ਬਹੁਤ ਹੀ ਨਾ ਸਮਝੀ ਵਾਲੀ ਧਾਰਨਾ ਹੈ। ਕਿਉਂਕਿ ਰਿਜ਼ਰਵੇਸ਼ਨ ਦਿੱਤੀ ਹੀ ਸਮਾਜਕ ਮਤਭੇਦ ਦੇ ਅਧਾਰ ਉੱਤੇ ਸੀ।

ਇਹਦੀ ਜੜ੍ਹ ਸਮਾਜਿਕ ਅਨਿਆਂ ’ਚ ਪਈ ਹੈ। ਸਦੀਆਂ ਤੋਂ ਸਮਾਜ ਦੇ ਚੌਥੇ ਪੌਡੇ ਉੱਤੇ ਬੈਠੇ ਦਲਿਤ ਲੋਕਾਂ ਨੂੰ ਨਿਆਂ ਦੇਣ ਅਤੇ ਸਮਾਜ ਦੀ ਮੁੱਖਧਾਰਾ ਦੇ ਨੇੜੇ ਲਿਆਉਣ ਖਾਤਰ ਉਹਨਾਂ ਦੇ ਸਸ਼ਕਤੀਕਰਨ ਬਾਰੇ ਵਿਚਾਰ ਕੀਤੀ ਗਈ ਅਤੇ ਸੰਵਿਧਾਨ ਵਿੱਚ ਉਹਨਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ।

ਅਸੀਂ ਇਸਦੇ ਤਕਨੀਕੀ ਪੱਖਾਂ ਵੱਲ ਬਹੁਤਾ ਨਾ ਵੀ ਜਾਈਏ, ਤਾਂ ਵੀ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਸੰਵਿਧਾਨ ਦਾ ਆਧਾਰ ਸਮਾਜਿਕ ਦ੍ਰਿਸ਼ਟੀਕੋਣ ਵਿੱਚ ਹੈ, ਇਸ ਵਾਸਤੇ ਰਿਜ਼ਰਵੇਸ਼ਨ ਬਹੁਤ ਜ਼ਰੂਰੀ ਸੀ।

ਭਾਰਤੀ ਸੰਵਿਧਾਨ ਨਿਰਮਾਤਾ ਡਾ.ਬੀ ਆਰ ਅੰਬੇਡਕਰ ਜਾਂ ਉਸ ਸਮੇਂ ਦੇ ਹੋਰ ਮੋਹਰੀ ਆਗੂ ਭਾਰਤ ਨੂੰ ਇੱਕ ਸਮਾਨ ਕਰਨ ਦੀ ਸਮਝ ਵਿੱਚੋਂ ਕਾਰਜ ਕਰ ਰਹੇ ਸਨ।

ਪਰ ਵਿਡੰਬਨਾਂ ਇਹ ਹੈ ਕਿ ਅੱਜ ਉਹੀ ਆਧਾਰ ਭਾਰਤ ਵਿੱਚ ਪਾੜ ਦਾ ਰਾਹ ਬਣ ਗਿਆ ਹੈ। ਜਿਸ ਆਧਾਰ ਉੱਤੇ ਉਹ ਭਾਰਤ ਦੀ ਇੱਕਮੁੱਠਤਾ ਤਿਆਰ ਕਰ ਰਹੇ ਸਨ, ਅੱਜ ਉਹ ਇਸ ਨੂੰ ਬਿਖੇਰਨ ਦਾ ਬਹਾਨਾ ਬਣ ਗਿਆ ਹੈ।

ਰਿਜ਼ਰਵੇਸ਼ਨ ਨੇ ਸਕਾਰਾਤਮਕ ਕੀ ਦਿੱਤਾ, ਪੰਜਾਬ ਨੇ ਦੱਸਿਆ! ਹੁਣ ਅਸੀਂ ਬੀਤੀ 2 ਅਪ੍ਰੈਲ ਨੂੰ ਭਾਰਤ ਬੰਦ ਦੇ ਸੱਦੇ ਉੱਤੇ ਪੰਜਾਬ ਦੀ ਭੂਮਿਕਾ ਬਾਰੇ ਦੇਖੀਏ ਤਾਂ ਪਹਿਲੀ ਵਾਰ ਹੈ ਕਿ ਦਲਿਤ ਭਾਈਚਾਰੇ ਨੇ ਐਨੀ ਦ੍ਰਿੜਤਾ ਨਾਲ ਬੰਦ ਨੇਪਰੇ ਚਾੜ੍ਹਿਆ, ਪਰ ਸੂਬੇ ਵਿੱਚ ਕਿਤੇ ਵੀ ਹਿੰਸਕ ਘਟਨਾ ਨਹੀਂ ਘਟੀ। ਅਜਿਹਾ ਕਿਉਂ ਹੋਇਆ? ਇਹਦੀਆਂ ਜੜ੍ਹਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਹੈ, ਜਿਹਦੇ ਤਹਿਤ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਦੇ ਲੱਖਾਂ ਵਿਦਿਆਰਥੀ ਕਾਲਜ ਦੀ ਪੜ੍ਹਾਈ ਵਿੱਚ ਦਾਖਲਾ ਲੈ ਸਕੇ।

ਉਹਨਾਂ ਨੇ ਸਮਾਜ ਨਾਲ ਵਰ ਮੇਚਣ ਵਾਸਤੇ ਮਿਹਨਤ ਕੀਤੀ ਤੇ ਸਮਾਜ ਵਿੱਚ ਆਪਣਾ ਅਕਸ ਸਾਫ ਕਰਨ ਲਈ ਉੱਲਰੇ। ਅਸੀਂ ਜੇਕਰ ਸਿਰਫ਼ ਜੰਲਧਰ ਤੇ ਆਲੇ ਦੁਆਲੇ ਦੀ ਹੀ ਖਬਰ ਲਈਏ, ਤਾਂ ਦੇਖਿਆ ਗਿਆ ਕਿ ਇਸ ਬੰਦ ਅਤੇ ਪ੍ਰਦਰਸ਼ਨ ਨੂੰ ਉਹੀ ਵਿਦਿਆਰਥੀ ਲੀਡ ਕਰ ਰਹੇ ਸਨ, ਜਿਹਨਾਂ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸੰਘਰਸ਼ ਕੀਤਾ ਸੀ। ਉਹਨਾਂ ਨੇ ਇਸ ਸੰਘਰਸ਼ ਤਹਿਤ ਕਿਤੇ ਵੀ ਸਮਾਜਿਕ ਟਕਰਾਅ ਦੀ ਸਥਿਤੀ ਪੈਦਾ ਨਹੀਂ ਹੋਣ ਦਿੱਤੀ ਅਤੇ ਜਨਰਲ ਸਮਾਜ ਦੇ ਵਿਦਿਆਰਥੀਆਂ ਨੂੰ ਇਹ ਗੱਲ ਸਮਝਾਉਣ ਵਿੱਚ ਕਾਮਯਾਬ ਹੋ ਗਏ ਕਿ ਇਹ ਸਾਡੀ ਹੱਕੀ ਮੰਗ ਹੈ।

ਇਹ ਕਿਸੇ ਵੀ ਤਰ੍ਹਾਂ ਨਾਲ ਜਨਰਲ ਸਮਾਜ ਦੇ ਹੱਕਾਂ ਉੱਤੇ ਡਾਕਾ ਨਹੀਂ। ਇਹੀ ਕਾਰਣ ਸੀ ਕਿ ਉਹਨਾਂ ਦੇ ਸੰਘਰਸ਼ ਵਿੱਚ ਬਹੁਤੀ ਥਾਈਂ ਜਨਰਲ ਵਿਦਿਆਰਥੀਆਂ ਦਾ ਸਹਿਯੋਗ ਵੀ ਦਿਖਾਈ ਦਿੱਤਾ ਸੀ। ਹੁਣ ਇਹ ਉਹੀ ਵਿਦਿਆਰਥੀ ਸਨ, ਜੋ ਟਕਰਾਅ ਨਹੀਂ ਡਾਇਲਾਗ ਕਰਨਾ ਚਾਹੁੰਦੇ ਹਨ।

ਪ੍ਰਸ਼ਾਸਨ ਨੂੰ ਲੱਗਦਾ ਸੀ ਕਿ ਫਗਵਾੜਾ, ਲਾਂਬੜਾ, ਰਾਮਾਮੰਡੀ ਜਾਂ ਬੂਟਾ ਪਿੰਡ ’ਚ ਤਣਾਅ ਵਾਲਾ ਮਾਹੌਲ ਹੈ ਅਤੇ ਇੱਥੇ ਹਿੰਸਾ ਹੋ ਸਕਦੀ ਹੈ, ਪਰ ਇਹਨਾਂ ਸਾਰੀਆਂ ਥਾਵਾਂ ਉੱਤੇ ਉਹ ਨੌਜਵਾਨ ਲੀਡ ਕਰ ਰਹੇ ਸਨ, ਜਿਹੜੇ ਦਲਿਤਾਂ ਦੀ ਸਿੱਖਿਆ ਨੂੰ ਲੈ ਕੇ ਸੰਘਰਸ਼ ਕਰਦੇ ਰਹੇ ਸਨ।

ਇਸਦੇ ਲਈ ਇੱਕ ਖਾਸ ਅੰਦਾਜ਼ ਵਿੱਚ ਸਿੱਖਿਆ ਦੇ ਮਾਮਲੇ ਵਿੱਚ ਮਿਲੀ ਰਿਜ਼ਰਵੇਸ਼ਨ ਨੇ ਦਰਸਾ ਦਿੱਤਾ ਕਿ ਇਹ ਸਮਾਜ ਜੇਕਰ ਸਿੱਖਿਅਤ ਹੋਇਆ, ਤਾਂ ਹੀ ਸਮਾਜ ਵਿੱਚ ਅਮਨ ਵਰਗਾ ਮਾਹੌਲ ਉੱਭਰ ਸਕਿਆ, ਨਹੀਂ ਤਾਂ ਅਜਿਹੇ ਮਾਮਲਿਆਂ ਵਿੱਚ ਪੰਜਾਬ ਸਭ ਤੋਂ ਉੱਗਰ ਭੂਮਿਕਾ ਨਿਭਾਉਂਦਾ ਰਿਹਾ ਹੈ।

**ਕੌਣ ਮਾਰ ਸਕਦਾ ਮਿੱਥ ’ਤੇ ਪੋਚਾ?**

ਸੰਕਟ ਹੁਣ ਇੱਥੇ ਆ ਕੇ ਪੈਦਾ ਹੋ ਜਾਂਦਾ ਹੈ ਕਿ ਜੇਕਰ ਇੰਝ ਹੀ ਮਿੱਥਾਂ ਬਣਦੀਆਂ ਰਹੀਆਂ ਤਾਂ ਸਮਾਜ ਵਿੱਚ ਇਸ ਮਿੱਥ ਉੱਤੇ ਪੋਚਾ ਕੌਣ ਮਾਰੇਗਾ?

ਇਸ ਮਸਲੇ ਦਾ ਜਵਾਬ ਸਿੱਧਾ ਹੈ ਕਿ ਇਸ ਉੱਤੇ ਪੋਚਾ ਜਨਰਲ ਸਮਾਜ ਨੇ ਹੀ ਮਾਰਨਾ ਹੈ। ਉਹ ਹੀ ਇੱਕਮਿੱਕ ਕਰ ਸਕਦਾ ਹੈ। ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਤੱਕ ਵਖਰੇਵਾਂ ਹੈ, ਉਦੋਂ ਤੱਕ ਰਾਖਵਾਂਕਰਨ ਰਹੇਗਾ।

ਸਿਆਸੀ ਲੋਕਾਂ ਨੇ ਇਹ ਗੱਲ ਖੜੀ ਰੱਖਣੀ ਹੈ, ਉਹਨਾਂ ਦਾ ਵੋਟ ਮੁਫਾਦ ਹੈ। ਸਮਾਜ ਨੂੰ ਸਮਝ ਤੋਂ ਕੰਮ ਲੈਣਾ ਹੋਵੇਗਾ। ਹੁਣ ਮਾਨਸਿਕਤਾ ਦਾ ਬਦਲਾਅ ਬਹੁਤ ਜ਼ਰੂਰੀ ਹੈ। ਜਨਰਲ ਦੇ ਮਨ ’ਚ ਸਵਾਲ ਤਾਂ ਪੈਦਾ ਹੁੰਦਾ ਹੈ ਕਿਉਂਕਿ ਬੇਰੁਜ਼ਗਾਰੀ ਐਨੀ ਵਧ ਗਈ ਹੈ ਤੇ ਰੁਜ਼ਗਾਰ ਦੇ ਮੌਕੇ ਬਿਲਕੁੱਲ ਵੀ ਨਜ਼ਰ ਨਹੀਂ ਆ ਰਹੇ।

ਜਦੋਂ ਰੁਜ਼ਗਾਰ ਦੇ ਮੌਕੇ ਸੀਮਿਤ ਹੋਣਗੇ ਤਾਂ ਰਿਜ਼ਰਵੇਸ਼ਨ ਟਾਰਗੈੱਟ ਹੁੰਦੀ ਰਹੇਗੀ ਤੇ ਸਮਾਜਿਕ ਪਾੜਾ ਵਧਦਾ ਤੁਰਿਆ ਜਾਵੇਗਾ ਅਤੇ ਨਾਲ ਹੀ ਜਾਤ ਦੇ ਨਾਮ ਉੱਤੇ ਨਫਰਤ ਵੀ ਵਧਦੀ ਤੁਰੀ ਜਾਵੇਗੀ। ਇਸਦਾ ਕਿਤੇ ਜਾ ਕੇ ਵੀ ਅੰਤ ਨਹੀਂ ਹੈ।

ਸਾਨੂੰ ਅੰਤ ਇਸ ਸਮਝ ਵਿੱਚੋਂ ਬਣਦਾ ਨਜ਼ਰ ਆ ਰਿਹਾ ਹੈ ਕਿ ਰੁਜ਼ਗਾਰ ਦੇ ਮੌਕਿਆਂ ਦੀ ਪੜਚੋਲ ਕੀਤੀ ਜਾਵੇ ਅਤੇ ਸਮਾਜ ਨੂੰ ਹਕੀਕਤ ਸਮਝਾਈ ਜਾਵੇ, ਤਾਂ ਜਾ ਕੇ ਲੋਕ ਇਸ ਸਾਰੇ ਨਿਜ਼ਾਮ ਨੂੰ ਸਮਝ ਸਕਦੇ ਹਨ ਤੇ ਸਮਾਜਿਕ ਤਣਾਅ ਘੱਟ ਸਕਦਾ ਹੈ।

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰੇ ‘ਸੰਸਥਾ’ ਜਾਂ ਵਰਗ ਵਿਸ਼ੇਸ਼

**(ਸਫਾ 10 ਦੀ ਬਾਕੀ)**

ਕਾਇਮ ਕਰ ਦਿੱਤਾ। ਇਹਨਾਂ ਪੰਜ ਕਕਾਰਾਂ ਨਾਲ ਮਾਨਵ ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ। ਇਸ ਲਹਿਰ ਦਾ ਇਕ ਮਨੋਵਿਗਿਆਨਕ ਪੱਖ ਇਹ ਵੀ ਹੈ ਕਿ ਪੁਰਸ਼ਾਂ ਦੇ ਨਾਮ ਨਾਲ ਸਿੰਘ ਤੇ ਔਰਤਾਂ ਦੇ ਨਾਮ ਨਾਲ ਕੌਰ ਲਗਾ ਦਿੱਤਾ। ਇਸ ਨਾਲ ਆਪਸੀ ਭਾਈਚਾਰੇ ਦੀਆਂ ਤੰਦਾਂ ਹੋਰ ਮਜ਼ਬੂਤ ਹੋਈਆਂ। ਇਸ ਨਾਲ ਗੁਰੂ ਸਾਹਿਬਾਨ ਦੇ ਸਮਾਜਿਕ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ ਤੇ ਇਕਸਾਰਤਾ ਦੀ ਭਾਵਨਾ ਪੈਦਾ ਕੀਤੀ। ਸਿੰਘ ਜਿਸ ਦੇ ਸ਼ਬਦੀ ਅਰਥ ਸ਼ੇਰ ਹਨ ਨਾਮ ਨਾਲ ਲੱਗਣ ਤੇ ਮਨੋਬਲ ਹੋਰ ਮਜ਼ਬੂਤ ਹੋਇਆ ਤੇ ਸ਼ੇਰਾਂ ਵਾਂਗ ਜ਼ੁਲਮ ਦਾ ਟਾਕਰਾ ਕਰਨ ਦੀ ਚੇਤਨਾ ਪੈਦਾ ਹੋਈ। ਇਸ ਤਰ੍ਹਾਂ 'ਨੀਚੀ ਹੂੰ ਅਤਿ ਨੀਚ’ ਦੀ ਭਾਵਨਾ ਵਾਲੇ ਇਨਸਾਨਾਂ ਨੂੰ ਧਰਤੀ ਦੇ ਸਰਦਾਰ ਬਣਾ ਦਿੱਤਾ। ਇਸ ਤਰ੍ਹਾਂ ਆਪਣੇ ਆਪ ਨੂੰ ਕਥਿਤ ਯੋਧਾ ਕੌਮ ਅਖਵਾਉਣ ਵਾਲੀਆਂ ਜਾਤਾਂ ਦੇ ਏਕਾ ਅਧਿਕਾਰ ਨੂੰ ਖਤਮ ਕਰ ਦਿੱਤਾ।

ਉਕਤ ਸਾਰੀ ਚਰਚਾ ਦਾ ਸਿੱਟਾ ਇਹੀ ਨਿਕਲਦਾ ਹੈ ਕਿ 'ਪੰਜ ਪਿਆਰਿਆਂ’ ਦੀ ਸੰਸਥਾ ਇਕ ਮਹੱਤਵਪੂਰਨ ਸੰਸਥਾ ਹੈ, ਜਿਸ ਨੇ ਸਿੱਖਾਂ ਨੂੰ ਮੱਧਕਾਲ ਦੀ ਸੋਚ ਵਿਚੋਂ ਕੱਢ ਕੇ ਆਧੁਨਿਕ ਕਾਲ ਦੀ ਲੋਕਰਾਜੀ ਸੋਚ ਵਿਚ ਪ੍ਰੀਵਰਤਿਤ ਕਰ ਦਿੱਤਾ। ਇਸ ਸੋਚ ਦੀਆਂ ਜੜ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਵਧਦੇ ਫੁੱਲਦੇ ਦੇਖਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਇਸ ਸੋਚ ਦਾ ਮੁਢਲਾ ਸਰੂਪ ਦੇਖਿਆ ਜਾ ਸਕਦਾ ਹੈ। ਮੂਲ ਰੂਪ ਵਿਚ ਇਹੀ ਆਖਿਆ ਜਾ ਸਕਦਾ ਹੈ ਕਿ ਉਕਤ ਸੰਸਥਾ ਦੀਆਂ ਜੜ੍ਹਾਂ ਨੂੰ ਇਹਨਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਵਿਚ ਦੇਖਿਆ ਜਾ ਸਕਦਾ ਹੈ ਜੋ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਆ ਕੇ ਪ੍ਰਵਾਨ ਚੜ੍ਹੀ।

ਪੰਜ ਪਿਆਰਿਆਂ ਦੀ ਸੰਸਥਾ ਨੇ ਜਾਤ-ਪਾਤ ਪ੍ਰਥਾ ਉਤੇ ਕਰਾਰੀ ਸੱਟ ਮਾਰੀ। ਇਹ ਸੰਸਥਾ ਸਭ ਨੀਵੀਆਂ ਜਾਤਾਂ ਦੇ ਸੰਗਠਨ ਦੀ ਸੀ। ਕਿਸੇ ਵੀ ਉਚੀ ਜਾਂ ਨੀਵੀਂ ਜਾਤ ਦਾ ਇਸ ਉਤੇ ਏਕਾ-ਅਧਿਕਾਰ ਨਹੀਂ ਸੀ ਅਤੇ ਨਾ ਹੀ ਇਸ ਤੇ ਕਿਸੇ ਇਕ ਇਲਾਕੇ ਦਾ ਦਬਦਬਾ ਸੀ। ਸਗੋਂ ਇਹ ਸੰਸਥਾ ਸੰਯੁਕਤ ਰੂਪ ਵਿਚ 'ਗੁਰੂ ਗ੍ਰੰਥ ਸਾਹਿਬ’ ਦੀ ਅਗਵਾਈ ਵਿਚ ਫੈਸਲੇ ਲੈਂਦੇ ਹੈ, ਵਿਦਿਆ ਦੇ ਏਕੇ ਅਧਿਕਾਰ ਨੂੰ ਤੋੜਿਆ, ਕਰਮ ਕਾਂਡਾਂ, ਭਰਮਾਂ ਵਹਿਮਾਂ ਨੂੰ ਤੋੜਿਆ, ਔਰਤ ਦਾ ਸਨਮਾਨ ਵਧਾਇਆ, ਉਹਨਾਂ ਨੂੰ ਉਨਤੀ ਦੇ ਮੌਕੇ ਮੁਹੱਈਆ ਕਰਵਾਉਣ ਲਈ ਯਤਨ ਕੀਤੇ, ਸਮਾਜਿਕ ਨਾ-ਬਰਾਬਰੀ ਦਾ ਵਿਰੋਧ ਕਰਨਾ, ਉਸ ਸਮੇਂ ਦੇ ਲੋਕਾਂ ਦੀ ਆਰਥਿਕ, ਸਮਾਜਿਕ ਤੇ ਧਾਰਮਿਕ ਹਾਲਤ ਨੂੰ ਸੁਧਾਰਨ ਲਈ ਯਤਨ ਕਰਨਾ, ਇਕੋ ਅਕਾਲ ਪੁਰਖ ਦੀ ਹੋਂਦ ਵਿਚ ਵਿਸ਼ਵਾਸ ਰੱਖਣਾ ਤੇ ਇਕੋ ਪ੍ਰਮਾਤਮਾ ਨੂੰ ਆਪਣਾ ਪਿਤਾ ਮੰਨਣਾ, ਆਪਣੇ ਅਧਿਕਾਰਾਂ ਦੀ ਰਾਖੀ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕਣਾ ਇਕ ਖਾਸ ਅਹਿਮੀਅਤ ਰੱਖਦਾ ਹੈ। ਪੰਜ ਕਕਾਰ ਵੀ ਮਨੁੱਖੀ ਬਰਾਬਰੀ ਲਈ ਇਕ ਮਨੋਵਿਗਿਆਨਕ ਸੋਚ ਦਾ ਹਥਿਆਰ ਹੈ। ਮਾਨਵ ਨੂੰ ਕੁਰਹਿਤਾਂ ਤੋਂ ਬਚਣ ਲਈ ਵੀ ਆਦੇਸ਼ ਹੈ। ਇਸ ਦਾ ਅਧਿਆਤਮਕ ਰੂਪ ਵੀ ਵਧੀਆ ਜੀਵਨ ਜਾਚ ਦਰਸਾਉਂਦਾ ਹੈ। ਸਰਬੱਤ ਦਾ ਭਲਾ ਵੀ ਅੰਤਰ ਰਾਸ਼ਟਰਵਾਦ ਦਾ ਲਖਾਇਕ ਹੈ। ਲੋਕ ਰਾਜੀ ਕਦਰਾਂ ਕੀਮਤਾਂ ਨੂੰ ਵੀ ਇਸ ਦੀ ਪਰਿਸ਼ਟ-ਭੂਮੀ ਵਿਚ ਦੇਖਿਆ ਜਾ ਸਕਦਾ ਹੈ।



ਗੁਰੂ ਸਾਹਿਬਾਨ ਦੀਆਂ ਏਨੀਆਂ ਕੁਰਬਾਨੀਆਂ ਦੇਣ, ਅਣਥੱਕ ਘਾਲਣਾਵਾਂ ਘਾਲਣ ਤੇ ਯਤਨਾਂ ਦੇ ਬਾਅਦ ਵੀ 'ਜਾਤੀ ਪ੍ਰਥਾ’ ਨੂੰ ਗੁਰੂ ਸਾਹਿਬਾਨ ਦੇ ਆਸ਼ੇ ਮੁਤਾਬਕ ਰੋਕਿਆ ਨਹੀਂ ਜਾ ਸਕਿਆ। ਅੱਜ ਦੇਸ਼ ਅਤੇ ਵਿਦੇਸ਼ਾਂ ਵਿਚ ਅਲੱਗ ਅਲੱਗ ਜਾਤਾਂ ਦੇ ਨਾਮਾਂ ਤੇ ਗੁਰੂ ਘਰ ਬਣੇ ਹੋਏ ਹਨ। ਅੱਜ ਆਪਣੀ ਧਰਤੀ ਦੇ ਸਾਡੇ ਆਪਣੇ ਲੋਕ, ਖਾਸ ਤੌਰ ਤੇ ਪੰਜਾਬ ਤੋਂ, ਜੋ ਗੁਰੂ ਪੀਰਾਂ ਦੀ ਧਰਤੀ ਅਖਵਾਉਂਦੀ ਹੈ, ਬੁੱਧ ਤੇ ਇਸਾਈ ਧਰਮ ਅਪਣਾਈ ਜਾ ਰਹੇ ਹਨ ਕਿਉਂਕਿ ਇਹਨਾਂ ਧਰਮਾਂ ਵਿਚ ਜਾਤੀਵਾਦ ਨਹੀਂ ਹੈ ਤੇ ਨਾ ਹੀ ਸਮਾਜਿਕ ਨਾਬਰਾਬਰੀ ਹੈ। ਸਭ ਬੋਧੀ ਜਾਂ ਇਸਾਈ ਹੀ ਅਖਵਾਉਂਦੇ ਹਨ। ਸਾਡੇ ਵਾਂਗ ਜਾਤੀ ਸੂਚਕ ਅਲੰਕਾਰ ਲਗਾ ਕੇ ਨਹੀਂ ਪੁਕਾਰਦੇ। ਸੱਚ ਹੀ ਕਿਸੇ ਅੰਗਰੇਜ਼ ਵਿਦਵਾਨ ਇਤਿਹਾਸਕਾਰ ਨੇ ਕਿਹਾ ਹੈ, ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਤੇ ਇੰਗਲੈਂਡ ਵਿਚ ਪੈਦਾ ਹੋਏ ਹੁੰਦੇ ਤਾਂ ਅੱਜ ਸਾਰੀ ਦੁਨੀਆਂ ਦੇ ਲੋਕ ਸਿੱਖ ਹੁੰਦੇ।

ਇੰਝ ਹੋਣਾ ਇਹ ਸਾਡੀ ਸੌੜੀ ਮਾਨਸਿਕਤਾ ਦਾ ਹੀ ਨਤੀਜਾ ਹੈ। ਇਹ ਉਹੀ ਜਾਤਾਂ ਹਨ ਜਿਹਨਾਂ ਆਪਣੇ ਸੀਸ ਭੇਟ ਕਰਕੇ 'ਪੰਜ ਪਿਆਰਿਆਂ ਦੀ ਸੰਸਥਾ’ ਭਾਵ 'ਪੰਥ ਖਾਲਸਾ’ ਨੂੰ ਸਾਜਿਆ ਸੀ, ਇਹ ਕਿਉਂ ਹੈ? ਗੁਰੂ ਸਾਹਿਬਾਨ ਨੇ ਤਾਂ ਸਾਨੂੰ ਇੰਝ ਕਰਨ ਲਈ ਰੋਕਿਆ ਸੀ ਤੇ ਉਹਨਾਂ ਜਾਤ ਪ੍ਰਥਾ ਨੂੰ ਮੁੱਢੋਂ ਨਕਾਰ ਦਿੱਤਾ ਸੀ ਤੇ ਸਮਾਜਿਕ ਬਰਾਬਰੀ ਦੀ ਗੱਲ ਕਹੀ ਸੀ। ਅੱਜ ਸਮਾਜ ਦਾ ਹਰ ਵਰਗ ਆਪਣੇ ਵਰਗ ਦੀ ਗੱਲ ਕਰਦਾ ਹੈ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਦਾ ਨਾਅਰਾ ਕਿੱਥੇ ਖਲੋਤਾ ਹੈ, ਇਹ ਵਿਚਾਰਨ ਵਾਲੀ ਗੱਲ ਹੈ? ਇਹ ਸਭ ਵਰਗਵਾਦ ਨਹੀਂ ਤਾਂ ਹੋਰ ਕੀ ਹੈ? ਪੰਜ ਪਿਆਰਿਆਂ ਦੀ 'ਸੰਸਥਾ’ ਜਾਂ 'ਪੰਥ ਖਾਲਸਾ’ ਦਾ ਸਿਧਾਂਤ ਤਾਂ ਸਾਨੂੰ ਵਰਗਵਾਦ ਦੀ ਨਸੀਹਤ ਨਹੀਂ ਦਿੰਦਾ, ਸਗੋਂ ਵਰਗਵਾਦ ਨੂੰ ਮੁੱਢੋਂ ਨਕਾਰਦਾ ਹੈ। ਇਹ ਸਾਡਾ ਹੀ ਕਸੂਰ ਹੈ ਕਿ ਅਸੀਂ ਇਸ ਸਿਧਾਂਤ ਵੱਲ ਆਪਣੇ ਸੁਆਰਥ ਦੀ ਖਾਤਰ ਪਿੱਠ ਕਰ ਲਈ ਹੈ। ਸਿਧਾਂਤ ਆਪਣੀ ਜਗ੍ਹਾ ਅਟੱਲ ਖੜ੍ਹਾ ਹੈ ਪਰ ਇਸ ਦਾ ਅਮਲੀ ਰੂਪ ਸਮਾਜਿਕ ਬਰਾਬਰੀ ਲਈ ਕਿਤੇ ਨਜ਼ਰ ਨਹੀਂ ਆਉਂਦਾ? ਲੱਗਦਾ ਹੈ ਇਸ ਸਿਧਾਂਤ ਤੇ ਕਿਸੇ ਇਕ ਵਰਗ ਵਿਸ਼ੇਸ਼ ਦਾ ਏਕਾ-ਅਧਿਕਾਰ ਹੋ ਗਿਆ ਹੈ?

ਆਓ! ਸਾਹਿਬ-ਏ-ਕਮਾਲ, ਸਰਬੰਸਦਾਨੀ, ਸੰਤ ਸਿਪਾਹੀ, ਇਕ ਮਹਾਨ ਕ੍ਰਾਂਤੀਕਾਰੀ, ਇਨਕਲਾਬੀ ਯੋਧੇ, ਵਿਦਵਤਾ ਦੇ ਮੁਜੱਸਮੇ ਤੇ ਇਕ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਤੇ ਉਕਤ ਵਿਆਖਿਆ ਵਿਚ ਉਠੇ ਮੁੱਦਿਆਂ ਤੇ ਵਿਗਿਆਨਕ ਪਹਿਲੂ ਤੋਂ ਨਜ਼ਰ ਮਾਰੀਏ ਤੇ ਇਹਨਾਂ ਨੂੰ ਗੁਰੂ ਸਾਹਿਬਾਨ ਦੀ ਉਚੇਰੀ ਸੋਚ ਮੁਤਾਬਕ ਹੱਲ ਕਰੀਏ? ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਭਾਰਤ ਵਰਸ਼ ਨੂੰ ਇੱਕੀਵੀਂ ਸਦੀ ਵਿਚ ਮਾਨਵਤਾ ਦੇ ਆਧਾਰ ਤੇ ਸੰਸਾਰ ਪੱਧਰ ਤੇ ਲੈ ਆਈਏ, ਤਾਂ ਹੀ ਗੁਰੂ ਸਾਹਿਬਾਨ ਦਾ ਦਿੱਤਾ ਹੋਇਆ ਅੰਤਰ ਰਾਸ਼ਟਰਵਾਦੀ ਨਾਅਰਾ 'ਸਰਬੱਤ ਦਾ ਭਲਾ’ ਤੇ 'ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ’ ਦਾ ਸੁਪਨਾ ਸੱਚ ਹੋਵੇਗਾ। 'ਪੰਜ ਪਿਆਰਿਆਂ’ ਜਾਂ 'ਪੰਥ ਖਾਲਸਾ’ ਦਾ ਸੰਕਲਪ ਇਕ 'ਸੰਸਥਾ’ ਦਾ ਸੰਕਲਪ ਹੈ ਨਾ ਕਿ ਵਰਗਵਾਦ ਦਾ ਹੈ। ਵਰਗਵਾਦ ਨੂੰ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਸਥਾਪਨਾ ਵੇਲੇ ਸਿਰੇ ਤੋਂ ਨਕਾਰ ਦਿੱਤਾ ਸੀ। ਸਮੁੱਚੀ ਮਾਨਵਤਾ ਨੂੰ ਦਸਮੇਸ਼ ਪਿਤਾ ਜੀ ਦੇ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ।

# ਕਿਉਂ ਵਧ ਰਹੀਆਂ ਹਨ ਬਲਾਤਕਾਰ ਦੀਆਂ ਘਟਨਾਵਾਂ?

**(ਸਫਾ 15 ਦੀ ਬਾਕੀ)**

ਕਿ ਸਾਡਾ ਵਿਰਸਾ ਕੀ ਹੈ? ਸਾਡਾ ਸੱਭਿਆਚਾਰ ਕੀ ਹੈ? ਸੱਭਿਆਚਾਰ ਤੇ ਵਿਰਸਾ ਕਿਸ ਨੂੰ ਕਹਿੰਦੇ ਨੇ? ਕੀ ਇਸ ਦੀ ਅਹਿਮੀਅਤ ਹੈ? ਕੀ ਸਾਨੂੰ ਇਸ ਵਿਰਸੇ ਨੂੰ ਮਨੋ ਵਿਸਾਰਣਾ ਚਾਹੀਦਾ ਹੈ?

ਪੱਛਮੀ ਪਹਿਰਾਵੇ ਦੇ ਆਦੀ ਹੋਣ ਕਾਰਨ ਅਤੇ ਆਪਣੇ ਜਿਸਮ ਨੂੰ ਮੂਕ ਦਰਸ਼ਕ ਬਣਾਉਣ ਕਾਰਨ ਵੀ ਕੁੜੀਆਂ ਗ਼ੈਰ ਮਰਦਾਂ ਦੀ ਹਵੱਸ ਦਾ ਸ਼ਿਕਾਰ ਹੋ ਰਹੀਆਂ ਨੇ।

**ਕੀ ਕਹਿੰਦੇ ਹਨ ਲੇਖਕ ਦਰਦੀ ਸਰਬਜੀਤ?**

ਚੰਗੀ ਸਿੱਖਿਆ ਕਿਸੇ ਨੂੰ ਜਮਾਂਦਰੂ ਗੁੜਤੀ ’ਚ ਨਹੀਂ ਮਿਲੀ ਹੁੰਦੀ। ਜਿੱਥੋਂ ਗ੍ਰਹਿਣ ਹੋਵੇ ਉੱਥੋ ਹੀ ਹਾਸਿਲ ਕਰ ਲੈਣੀ ਚਾਹੀਦੀ ਹੈ। ਤਾਂ ਕਿ ਬਲਾਤਕਾਰਾਂ ਨੂੰ ਸੰਪੂਰਨ ਠੱਲ੍ਹ ਪੈ ਸਕੇ। ਕਾਫ਼ੀ ਹੱਦ ਤੱਕ ਅੱਜ ਦੀ ਗਾਇਕੀ ਵੀ ਦੋ ਅਰਥੀ ਹੋ ਚੁੱਕੀ ਹੈ। ਵਿਰਸੇ ਦੀ ਵਾਂਕ-ਵੀਤ ਤੋਂ ਦੂਰ ਸੁਵੱਖਤੇ ਹੀ ਨੌਜਵਾਨ ਪੀੜ੍ਹੀ ਲਈ ਅਸ਼ਲੀਲਤਾ ਪਰੋਸੀ ਜਾ ਰਹੀ ਹੈ। ਅਜੋਕੇ ਕਲਾਕਾਰਾਂ ਨੇ ਜੱਗ-ਜਨਨੀ ਦੇ ਰੂਪ ਨੂੰ ਗ਼ਲਤ ਰੂਪ ਦੇ ਕੇ ਸਿਰਫ਼ ਤੇ ਸਿਰਫ਼ ਬਜ਼ਾਰੂ ਵਸਤੂ ਬਾਝੋਂ ਹੀ ਪੇਸ਼ ਕੀਤਾ ਹੈ। ਊਲ-ਜਲੂਲ ਵਾਲੇ ਗੀਤਾਂ ਦੀ ਭੱਦੀ ਸ਼ਬਦਾਵਲੀ ਤੇ ਲੱਚਰਤਾ ਦੀ ਹਵਾੜ ਵੀ ਬਲਾਤਕਾਰਾਂ ਦੀ ਗਿਣਤੀ ਬਹੁਤ ਅੱਗੇ ਲੈ ਕੇ ਜਾ ਰਹੀ ਹੈ। ਕਲਾਕਾਰ ਭਰਾਵੋ ਕੁੱਝ ਸੋਚੋ। ਜੇ ਅੱਜ ਵਿਰਸੇ ਦੇ ਮੋਢੀ 'ਕੁਲਦੀਪ ਮਾਣਕ’ ਜਿਹੇ ਫ਼ਨਕਾਰ ਇਸ ਦੁਨੀਆ ਤੋਂ ਸੰਸਾਰ ਮੁਕਤ ਹੋ ਚੁੱਕੇ ਹਨ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਅਜੋਕੀ ਔਰਤ ਨੂੰ ਭੰਡਣਾ ਹੈ ਜਾਂ ਉਸ ਦੀਆਂ ਦੁੱਖ ਤਕਲੀਫਾਂ ਵਿੱਚ ਹੋਰ ਵਾਧਾ ਕਰਨਾ ਹੈ। ਅੱਜ ਤੁਹਾਡੇ ਗੀਤਾਂ ’ਚ ਬਰਤੀਬੀ ਬਿਆਨਬਾਜ਼ੀ ਕਾਰਨ ਔਰਤ ਬਲਾਤਕਾਰਾਂ ਦੀ ਬਲੀ ਚੜ੍ਹਦੀ ਜਾ ਰਹੀ ਹੈ।

ਕਿਤੇ ਅਜਿਹੀ ਦੁਰਦਸ਼ਾ ਤੋਂ ਠਠੰਬਰ ਕੇ ਤਲਖ਼ੀ ਨਾਲ ਆਪਣੀ ਜੀਵਨ ਸ਼ੈਲੀ ਨੂੰ ਅਲਵਿਦਾ ਆਖ ਰਹੀ ਹੈ। ਕਿਉਂਕਿ ਤੁਸੀਂ ਨੌਜਵਾਨ ਮੁੰਡਿਆਂ ਨੂੰ ਆਪਣੇ ਗੀਤਾਂ ਵਿੱਚ ਸ਼ਹਿਦ ਨਹੀਂ, ਸਲਫ਼ਾਸ ਦੀਆਂ ਗੋਲੀਆਂ ਵਰਗੇ ਔਰਤ ਲਈ ਜਾਨਲੇਵਾ ਹਮਲੇ ਪਰੋਸ ਕੇ ਦੇ ਰਹੇ ਹੋ। ਕੱਲ੍ਹ ਨੂੰ ਇਹ ਵੀ ਹੋ ਸਕਦਾ ਹੈ ਕਿ ਅੱਜ ਕਿਸੇ ਦੀ ਧੀ ਭੈਣ ਦੀ ਇੱਜ਼ਤ ਕਲੰਕਿਤ ਹੋਈ ਹੈ। ਭਲਕ ਨੂੰ ਤੁਹਾਡੀ ਦੀ ਹੋਵੇ। ਫਿਰ ਦੁਖਦਾਈ ਘੜੀ ਹੋਵੇਗੀ। ਇਸ ਮਨਹੂਸ ਖ਼ਬਰ ਨੂੰ ਤੌਬਾ-ਤੌਬਾ ਕਰਦਿਆਂ ਪਹਿਲਾਂ ਹੀ ਅਮਲ ਕਰਕੇ ਵਿਰਸੇ ਤੇ ਸੱਭਿਆਚਾਰ ਦੀ ਜੂਹ ਅੰਦਰ ਗਾਓ। ਸਰੋਤੇ ਤੇ ਦਰਸ਼ਕ ਵੀ ਮਨੋਰੰਜਨ ਕਰਨ ਤੇ ਤੁਸੀਂ ਵੀ ਕਰੋ।

**ਕੀ ਕਹਿੰਦੇ ਹਨ ਲੇਖਕ ਪਰਮਜੀਤ ਖੁਰਮੀ**

ਬਲਾਤਕਾਰਾਂ ਦੀ ਜੰਮ ਰਹੀ ਧਾਕ ਪਿੱਛੇ ਅਜੋਕੇ ਮਰਦ ਦੀ ਸੋਚ ਤੇ ਉਸ ਦੀ ਹੀਣ ਭਾਵਨਾ ਵੀ ਦੋਸ਼ੀ ਕਰਾਰ ਹੈ। ਜਦੋਂ ਅਸੀਂ ਕੋਈ ਜੁਗਤ ਲੜਾਉਂਦੇ ਹਾ ਤਾਂ ਸਭ ਤੋਂ ਪਹਿਲਾਂ ਮਨ ਤੇ ਸੋਚ ਦਾ ਸੁਮੇਲ ਹੁੰਦਾ ਹੈ। ਹਵੱਸ ਭਰੀ ਸੋਚ ਉਦੋਂ ਹੀ ਉਜਾਗਰ ਹੁੰਦੀ ਹੈ। ਜਦੋਂ ਅਸੀਂ ਕਿਸੇ ਪਰਾਈ ਇਸਤਰੀ ਨੂੰ ਤੀਬ੍ਰਤਾ ਨਾਲ ਵਾਚਦੇ ਹਾਂ। ਬੜੀ ਗਿਲਾਨੀ ਦੀ ਗੱਲ ਹੈ। ਅੱਜ ਔਰਤ ਪ੍ਰਤੀ ਸਾਡਾ ਨਜ਼ਰੀਆ ਐਨਾ ਜ਼ਖ਼ਮੀ ਕਿਉਂ ਹੋ ਚੁੱਕਾ ਹੈ। ਸਾਨੂੰ ਸਿਵਾਏ ਮਹਿਬੂਬ ਤੋਂ ਉਸ ਵਿੱਚੋਂ ਮਾਂ ਦੇ ਪਿਆਰ ਦਾ ਨਿੱਘ ਤੇ ਭੈਣ ਦੇ ਪਿਆਰ ਦੀਆਂ ਖ਼ੁਸ਼ੀਆਂ ਖੌਰੇ ਕਿਉਂ ਨਹੀਂ ਵੇਹਦੀਆਂ।

ਦੁਨੀਆ ਵਿੱਚ ਵਸਦੇ ਕੁੱਲ ਮਨੁੱਖ ਨੂੰ ਹਰਗਿਜ਼ ਯਕੀਨਨ ਆਪਣੀ ਸੋਚ ਬਦਲਣੀ ਚਾਹੀਦੀ ਹੈ। ਇਹ ਨਹੀਂ ਹੈ ਕਿ ਜੇ ਕਿਸੇ ਦੀ ਬਾਲੜੀ ਪਰਾਈ ਹੈ। ਉਹ ਸਾਡੀ ਕੁੱਝ ਨਹੀਂ ਲਗਦੀ। ਜੇ ਸਮਾਜ ਵਿੱਚ ਅੱਜ ਅਸੀਂ ਕਿਸੇ ਦੀ ਧੀ ਭੈਣ ਨਾਲ ਬਰਤੀਬੀ ਹਰਕਤ ਕਰਦੇ ਹਾਂ ਤਾਂ ਸਾਨੂੰ ਵਿਚਾਰਨਾ ਚਾਹੀਦਾ ਹੈ ਕਿ ਸਾਡੀਆਂ ਧੀਆਂ ਵੀ ਜਵਾਨ ਨੇ।

ਔਰਤ ਨੂੰ ਉਸ ਦਾ ਬਣਦਾ ਮਾਣ-ਸਨਮਾਨ ਜ਼ਰੂਰ ਦਿਓ। ਜੇ ਅਸੀਂ ਕਿਸੇ ਦੀ ਧੀ ਭੈਣ ਨੂੰ ਆਪਣਾ ਸਮਝਾਂਗੇ ਤਾਂ ਹੀ ਭਲਕ ਨੂੰ ਕੋਈ ਸਾਡੀ ਬਾਲੜੀ ਨੂੰ ਅਪਣਾਏਗਾ। ਅਖੀਰ ਵਿੱਚ ਕੇਵਲ ਇਹੀ ਜ਼ਿਕਰ ਕਰਾਂਗੇ ਕਿ ਔਰਤ ਦੀ ਆਤਮਾ ਨੂੰ ਕਦੇ ਵੀ ਨਾ ਝੰਜੋੜੋ। ਔਰਤ ਦੀ ਕਦਰ ਕਰੋ। ਫਿਰ ਸਮਾਜ ਵਿੱਚ ਕੋਈ ਅਜਿਹੀ ਨਾਮੁਰਾਦ ਬੁਰਾਈ ਫ਼ਨ ਨਹੀਂ ਚੁੱਕੇਗੀ ।

# ਨਾਂ ਵਿਚ ਕੀ ਰੱਖਿਆ ਹੈ? ਬਹੁਤ ਕੁਝ

## ਅੰਬੇਡਕਰ ਦੇ ਨਾਂ ਵਿਚ 'ਰਾਮਜੀ' 'ਤੇ ਜ਼ੋਰ



ਰਾਮ ਪੁਨਿਆਨੀ

ਅੱਜਕਲ੍ਹ ਕਈ ਦਲਿਤ ਸੰਗਠਨ, ਉਤਰ ਪ੍ਰਦੇਸ਼ ਸਰਕਾਰ ਦੁਆਰਾ ਉਸਦੇ ਅਧਿਕਾਰਿਤ ਅਭਿਲੇਖਾਂ ਵਿਚ ਭੀਮਰਾਓ ਅੰਬੇਡਕਰ ਦੇ ਨਾਂ ਵਿਚ 'ਰਾਮਜੀ' ਸ਼ਬਦ ਜੋੜੇ ਜਾਣ ਦਾ ਵਰੋਧ ਕਰ ਰਹੇ ਹਨ। ਇਹ ਸਹੀ ਹੈ ਕਿ ਸੰਵਿਧਾਨ ਸਭਾ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਬਤੌਰ, ਅੰਬੇਡਕਰ ਨੇ ਸੰਵਿਧਾਨ ਦੀ ਕਾਪੀ 'ਤੇ ਆਪਣੇ ਹਸਤਾਖਰ, ਭੀਮਰਾਓ ਰਾਮਜੀ ਅੰਬੇਡਕਰ ਦੇ ਰੂਪ ਵਿਚ ਕੀਤੀ ਸੀ। ਪਰ ਆਮ ਤੌਰ ਤੇ ਉਹਨਾਂ ਦੇ ਨਾਂ ਵਿਚ ਰਾਮਜੀ ਸ਼ਬਦ ਸ਼ਾਮਲ ਨਹੀਂ ਕੀਤਾ ਜਾਂਦਾ ਹੈ। ਤਕਨੀਕੀ ਦ੍ਰਿਸ਼ਟੀ ਤੋਂ ਉਤਰ ਪ੍ਰਦੇਸ਼ ਸਰਕਾਰ ਦੇ ਇਸ ਨਿਰਣੇ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਪਰ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਇਹ ਫੈਸਲਾ, ਅੰਬੇਡਕਰ ਨੂੰ ਆਪਣਾ ਐਲਾਨ ਕਰਨ ਦੀ ਹਿੰਦੂਤਵਵਾਦੀ ਰਾਜਨੀਤੀ ਦਾ ਹਿੱਸਾ ਹੈ। ਭਾਜਪਾ ਦੇ ਲਈ ਭਗਵਾਨ ਰਾਮ, ਤਾਰਣਹਾਰ ਹੈ। ਉਹਨਾਂ ਦੇ ਨਾਂ ਦਾ ਇਸਤੇਮਾਲ ਕਰਕੇ ਭਾਜਪਾ ਨੇ ਸਮਾਜ ਨੂੰ ਧਾਰਮਿਕ ਆਧਾਰ 'ਤੇ ਧਰੁਵੀਕਰਨ ਕੀਤਾ, ਫਿਰ ਚਾਹੇ ਉਹ ਰਾਮ ਮੰਦਰ ਦਾ ਮੁੱਦਾ ਹੋਵੇ, ਰਾਮਸੇਤਾਂ ਦਾ ਜਾਂ ਰਾਮਨੌਮੀ ਮੌਕੇ ਜਾਣ ਬੁੱਝ ਕੇ ਭੜਕਾਈ ਗਈ ਹਿੰਸਾ ਹੋਵੇ। ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਅਸੀਂ ਭਾਰਤ ਨੂੰ ਦੋ ਵਿਰੋਧਾਭਾਸੀ ਪ੍ਰਵਿਰਤੀਆਂ ਦਾ ਉਭਾਰ ਦੇਖ ਰਹੇ ਹਾਂ। ਇਕ ਪਾਸੇ ਦਲਿਤਾਂ ਦੇ ਵਿਰੁੱਧ ਅੱਤਿਆਚਾਰ ਵੱਧ ਰਹੇ ਹਨ ਤਾਂ ਦੂਜੇ ਪਾਸੇ ਅੰਬੇਡਕਰ ਦੀਆਂ ਜੈਅੰਤੀਆਂ ਜ਼ੋਰ-ਸ਼ੋਰ ਨਾਲ ਮਨਾਈਆਂ ਜਾ ਰਹੀਆਂ ਹਨ ਅਤੇ ਹਿੰਦੂ ਰਾਸ਼ਟਰਵਾਦੀ ਲਗਾਤਾਰ ਅੰਬੇਡਦਰ ਦਾ ਗੁਣਗਾਨ ਕਰ ਰਹੇ ਹਨ।

ਇਸ ਸਰਕਾਰ ਨੇ ਪਿਛਲੇ ਲੱਗਭੱਗ ਚਾਰ ਸਾਲਾਂ ਦੇ ਕਾਰਜਕਾਲ ਵਿਚ ਦਲਿਤਾਂ ਦੇ ਦਮਨ ਦੀਆਂ ਉਦਾਹਰਣਾਂ ਦੇਖੀਆਂ। ਆਈ. ਆਈ. ਟੀ. ਮਦਰਾਸ ਵਿਚ ਪੇਰੀਆਰ ਸਟੱਡੀ ਸਰਕਲ 'ਤੇ ਪਾਬੰਦੀ ਲਗਾਈ ਗਈ, ਰੋਹਿਤ ਵੇਮੁੱਲਾ ਦੀ ਸੰਸਥਾਗਤ ਹੱਤਿਆ ਹੋਈ ਅਤੇ ਊਨਾ ਵਿਚ ਦਲਿਤਾਂ 'ਤੇ ਘੋਰ ਅੱਤਿਆਚਾਰ ਕੀਤੇ ਗਏ। ਮਈ 2017 ਵਿਚ ਜਦੋਂ ਯੋਗੀ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣ ਗਏ ਸਨ, ਸਹਾਰਨਪੁਰ ਵਿਚ ਹੋਈ ਹਿੰਸਾ ਵਿਚ ਵੱਡੀ ਗਿਣਤੀ 'ਚ ਦਲਿਤਾਂ ਦੇ ਘਰ ਸਾੜ ਦਿੱਤੇ ਗਏ। ਦਲਿਤ ਨੇਤਾ ਚੰਦਰਸ਼ੇਖਰ ਰਾਵਣ, ਜਮਾਨਤ ਮਿਲਣ ਤੋਂ ਬਾਅਦ ਵੀ ਜੇਲ੍ਹ ਵਿਚ ਹਨ ਕਿਉਂਕਿ ਉਹਨਾਂ 'ਤੇ ਦੋਸ਼ ਹੈ ਕਿ ਉਹਨਾਂ ਨੇ ਹਿੰਸਾ ਭੜਕਾਈ। ਦਲਿਤਾਂ ਦੇ ਘਰਾਂ ਨੂੰ ਅੱਗ ਦੇ ਹਵਾਲੇ ਕਰਨ ਦੀ ਘਟਨਾ, ਭਾਜਪਾ ਸਾਂਸਦ ਦੀ ਅਗਵਾਈ ਵਿਚ ਕੱਢੇ ਗਏ ਜਲੂਸ ਤੋਂ ਬਾਅਦ ਹੋਈ, ਜਿਸ ਵਿਚ ਯੂ. ਪੀ. ਵਿਚ ਰਹਿਣਾ ਹੈ ਤਾਂ ਯੋਗੀ-ਯੋਗੀ ਕਰਨਾ ਹੋਵੇ ਅਤੇ ਜੈ ਸ਼੍ਰੀਰਾਮ ਦੇ ਨਾਅਰੇ ਲਗਾਏ ਜਾ ਰਹੇ ਹਨ। ਮਹਾਰਾਸ਼ਟਰ ਦੇ ਭੀਮਾ ਕੋਰੇਗਾਓਂ ਵਿਚ ਦਲਿਤਾਂ ਦੇ ਖਿਲਾਫ ਹਿੰਸਾ ਭੜਕਾਈ ਗਈ ਅਤੇ ਜਿਵੇਂ ਕਿ ਦਲਿਤ ਨੇਤਾ ਪ੍ਰਕਾਸ਼ ਅੰਬੇਡਕਰ ਨੇ ਕਿਹਾ ਹੈ ਕਿ ਹਿੰਸਾ ਭੜਕਾਉਣ ਦੇ ਮੁੱਖ ਕਰਤਾ-ਧਰਤਾ ਭਿੜੇ ਗੁਰੂ ਜੀ ਨੂੰ ਹੁਣ ਤਕ ਗ੍ਰਿਫਤਾਰ ਨਹੀਂ ਕੀਤਾ ਗਿਆ। ਭਾਜਪਾ ਦੀ ਕੇਂਦਰ ਸਰਕਾਰ ਵਿਚ ਮੰਤਰੀ ਵੀ. ਕੇ. ਸਿੰਘ ਨੇ ਸੰਨ 2016 ਵਿਚ ਦਲਿਤਾਂ ਦੀ ਤੁਲਨਾ ਕੁੱਤਿਆਂ ਨਾਲ ਕੀਤੀ ਸੀ ਅਤੇ ਹਾਲ ਹੀ ਵਿਚ ਇਕ ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ ਵੀ ਅਜਿਹਾ ਹੀ ਕੀਤਾ। ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਵਿਚ ਜਦੋਂ ਯੋਗੀ ਅਦਿਤਿਆਨਾਥ ਮੁਸ਼ਹਰ ਜਾਤੀ ਦੇ ਲੋਕਾਂ ਨੂੰ ਮਿਲਣ ਜਾ ਰਹੇ ਸਨ, ਉਸ ਪਹਿਲਾਂ ਅਧਿਕ-ਾਰੀਆਂ ਨੇ ਦਲਿਤਾਂ ਨੂੰ ਸਾਬਣ ਅਤੇ ਸ਼ੈਂਪੂ ਵੰਡਿਆ ਤਾਂ ਜੋ ਉਹ ਨਹਾ ਧੋ ਕੇ ਸਾਫ ਸੁਥਰੇ ਲੱਗ ਸਕਣ।



ਮੋਦੀ-ਯੋਗੀ ਮਾਰਕਾ ਰਾਜਨੀਤੀ ਦੀਆਂ ਮੂਲ ਨੀਤੀਆਂ ਅਤੇ ਚੋਣਾ ਵਿਚ ਆਪਣਾ ਹਿੱਤ ਸਾਧਣ ਦੀ ਉਹਨਾਂ ਦਾ ਉਤਾਵਲਾਪਣ ਹੋਣ ਕਾਰਨ ਇਹ ਸਭ ਹੋ ਰਿਹਾ ਹੈ। ਸੱਚ ਇਹ ਹੈ ਕਿ ਮੋਦੀ-ਯੋਗੀ ਅਤੇ ਅੰਬੇਡਕਰ ਦੀਆਂ ਕਦਰਾਂ ਕੀਮਤਾਂ ਵਿਚ ਮੂਲ ਅੰਤਰ ਹੈ। ਅੰਬੇਡਕਰ ਭਾਰਤੀ ਰਾਸ਼ਟਰਵਾਦ ਦੇ ਹ ਾਮੀ ਸਨ। ਉਹ ਜਾਤੀ ਦਾ ਖਾਤਮਾ ਕਰਨਾ ਚਾਹੁੰਦੇ ਸਨ ਅਤੇ ਉਹਨਾਂ ਦੀ ਇਹ ਮਾਨਤਾ ਸੀ ਕਿ ਜਾਤੀ ਅਤੇ ਅਛੂਤ ਪ੍ਰਥਾ ਦੀਆਂ ਜੜ੍ਹਾਂ ਧਰਮ ਗ੍ਰੰਥਾਂ ਵਿਚ ਹਨ। ਇਹਨਾਂ ਕਦਰਾਂ ਕੀਮਤਾਂ ਨੂੰ ਨਕਾਰਨ ਦੇ ਲਈ ਅੰਬੇਡਕਰ ਨੇ ਮਨੂੰ ਸਮ੍ਰਿਤੀ ਦਾ ਦਹਿਨ ਕੀਤਾ ਸੀ। ਉਹਨਾਂ ਨੇ ਭਾਰਤੀ ਸੰਵਿਧਾਨ ਦਾ ਨਿਰਮਾਣ ਕੀਤਾ, ਜੋ ਆਜ਼ਾਦੀ ਸੰਗਰਾਮ ਦੇ ਕੌਮਾਂਤਰੀ ਮੁੱਲਾਂ ਤੇ ਆਧਾਰਿਤ ਸੀ ।ਭਾਰਤੀ ਸੰਵਿਧਾਨ ਦੇ ਆਧਾਰ ਸਨ ਸਮਾਨਤਾ, ਭਾਈਚਾਰਾ, ਆਜ਼ਾਦੀ ਅਤੇ ਸਮਾਜਿਕ ਨਿਆਂ। ਦੂਜੇ ਪਾਸੇ ਸੀ ਹਿੰਦੂ ਮਹਾਂਸਭਾ ਵਰਗੀਆਂ ਸੰਸਥਾਵਾਂ ਜਿਹਨਾਂ ਦੀ ਨੀਂਹ ਹਿੰਦੂ ਰਾਜਿਆਂ ਅਤੇ ਜ਼ਿੰਮੀਦਾਰਾਂ ਨੇ ਰੱਖੀ ਸੀ, ਜੋ ਭਾਰਤ ਨੂੰ ਉਸਦੇ ਮਾਣਮੱਤੇ ਭੂਤਕਾਲ ਵਿਚ ਵਾਪਸ ਲਿਜਾਣ ਦੀ ਗੱਲ ਕਰਦੀ ਸੀ। ਉਸ ਭੂਤਕਾਲ ਵਿਚ ਜਦੋਂ ਵਰਣਾਂ ਅਤੇ ਜਾਤੀਆਂ ਨੂੰ ਈਸ਼ਵਰੀ ਸਮਝਿਆ ਅਤੇ ਮੰਨਿਆ ਜਾਂਦਾ ਸੀ। ਹਿੰਦੂਤਵਵਾਦੀ ਰਾਜਨੀਤੀ ਦਾ ਅੰਤਿਮ ਟੀਚਾ ਆਰੀਆ ਨਸਲ ਅਤੇ ਬ੍ਰਾਹਮਣਵਾਦੀ ਸੰਸਕ੍ਰਿਤੀ ਵਾਲੇ ਹਿੰਦੂ ਰਾਸ਼ਟਰ ਦਾ ਨਿਰਮਾਣ ਹੈ। ਆਰ. ਐਸ. ਐਸ. ਇਯੋ ਰਾਜਨੀਤੀ ਦੀ ਪੈਰੋਕਾਰ ਹੈ।

ਮਾਧਵ ਸਦਾਸ਼ਿਵ ਗੋਲਵਲਕਰ ਅਤੇ ਹੋਰ ਹਿੰਦੂ ਚਿੰਤਕਾਂ ਨੇ ਅੰਬੇਡਕਰ ਦੇ ਉਲਟ, ਹਿੰਦੂ ਧਰਮ ਗ੍ਰੰਥਾਂ ਨੂੰ ਮਾਨਤਾ ਦਿੱਤੀ। ਸਾਵਰਕਰ ਦਾ ਕਹਿਣਾ ਸੀ ਕਿ ਮਨੂ ਸਿਮ੍ਰਤੀ ਹੀ ਹਿੰਦੂ ਵਿਧੀ ਹੈ। ਗੋਲਵਲਕਰ ਨੇ ਮਨੂੰ ਨੂੰ ਵਿਸ਼ਵ ਦਾ ਮਹਾਨ ਕਾਨੂੰਨੀ ਨਿਰਮਾਤਾ ਕਿਹਾ। ਉਹਨਾਂ ਦਾ ਕਹਿਣਾ ਸੀ ਕਿ ਪੁਰਸ਼ਸੂਕਤ ਵਿਚ ਕਿਹਾ ਗਿਆ ਹੈ ਕਿ ਸੂਰਜ ਅਤੇ ਚੰਦ ਬ੍ਰਹਮਾ ਦੀਆਂ ਅੱਖਾਂ ਹਨ ਅਤੇ ਸ੍ਰਿਸ਼ਟੀ ਦਾ ਨਿਰਮਾਣ ਉਹਨਾਂ ਦੀ ਨਾਭੀ ਤੋਂ ਹੋਇਆ। ਬ੍ਰਹਮਾ ਦੇ ਸਿਰ ਤੋਂ ਬ੍ਰਾਹਮਣ ਉਪਜਿਆ, ਉਹਨਾਂ ਦੇ ਹੱਥਾਂ ਤੋਂ ਖੱਤਰੀ, ਉਹਨਾਂ ਲੱਤਾਂ ਤੋਂ ਵੈਸ਼ ਅਤੇ ਉਹਨਾਂ ਦੇ ਪੈਰਾਂ ਤੋਂ ਸ਼ੂਦਰ। ਇਸਦਾ ਭਾਵ ਇਹ ਹੈ ਕਿ ਉਹ ਲੋਕ ਜਿਹਨਾਂ ਦਾ ਸਮਾਜ ਇਹਨਾਂ ਚਾਰ ਪੱਧਰਾਂ ਵਿਚ ਵੰਡਿਆ ਹੈ, ਹੀ ਹਿੰਦੂ ਹਨ।

ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਆਰ. ਐਸ. ਐਸ. ਦੇ ਮੁੱਖ ਪੱਤਰ ਆਰਗੇਨਾਈਜਰ ਨੇ ਆਪਣੀ ਇਕ ਸੰਪਾਦਕੀ ਵਿਚ ਸੰਵਿਧਾਨ ਦੀ ਘੋਰ ਨਿੰਦਾ ਕੀਤੀ। ਆਰ. ਐਸ. ਐਸ. ਲੰਮੇ ਸਮੇਂ ਤੋਂ ਕਹਿੰਦਾ ਆ ਰਿਹਾ ਹੈ ਕਿ ਭਾਰਤੀ ਸੰਵਿਧਾਨ ਵਿਚ ਤਬਦੀਲੀ ਦੀ ਲੋੜ ਹੈ। ਹਾਲ ਹੀ ਵਿਚ ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ ਵੀ ਇਹੀ ਗੱਲ ਕਹੀ। ਜਦੋਂ ਅੰਬੇਡਕਰ ਨੇ ਸੰਸਦ ਵਿਚ ਹਿੰਦੂ ਕੋਡ ਬਿਲ ਪੇਸ਼ ਕੀਤਾ ਸੀ, ਤਾਂ ਉਸਦਾ ਜਬਰਦਸਤ ਵਿਰੋਧ ਹੋਇਆ ਸੀ। ਦੱਖਣੀ ਪੰਥੀ ਤਾਕਤਾਂ ਨੇ ਅੰਬੇਡਕਰ ਦੀ ਸਖਤ ਨਿੰਤਾ ਕੀਤੀ ਸੀ ਪਰ ਅੰਬੇਡਕਰ ਆਪਣੀ ਗੱਲ 'ਤੇ ਕਾਇਮ ਰਹੇ। ਉਹਨਾਂ ਨੇ ਕਿਹਾ, ਤੁਹਾਨੂੰ ਨਾ ਕੇਵਲ ਸ਼ਾਸਤਰਾਂ ਨੂੰ ਤਿਆਗਣਾ ਚਾਹੀਦਾ ਹੈ ਬਲਕਿ ਉਹਨਾਂ ਦੀ ਸੱਤਾ ਨੂੰ ਵੀ ਨਕਾਰਨਾ ਚਾਹੀਦਾ ਹੈ, ਜਿਵੇਂ ਕਿ ਬੁੱਧ ਅਤੇ ਨਾਨਕ ਨੇ ਕੀਤਾ ਸੀ। ਤੁਹਾਡੇ ਵਿਚ ਇਹ ਹੌਂਸਲਾ ਹੋਣਾ ਚਾਹੀਦਾ ਹੈ ਕਿ ਤੁਸੀਂ ਹਿੰਦੂਆਂ ਨੂੰ ਇਹ ਦੱਸੋ ਕਿ ਉਹਨਾਂ ਵਿਚ ਜੋ ਗਲਤ ਹੈ, ਉਹ ਉਹਨਾਂ ਦਾ ਧਰਮ ਹੈ, ਉਹ ਧਰਮ, ਜਿਸ ਨੇ ਜਾਤੀ ਦੀ ਪਵਿੱਤਰਤਾ ਦੀ ਧਾਰਨਾ ਨੂੰ ਜਨਮ ਦਿੱਤਾ ਹੈ।

ਅੱਜ ਕੀ ਹੋ ਰਿਹਾ ਹੈ? ਅੱਜ ਅਪ੍ਰਤੱਖ ਤੌਰ ਤੇ ਜਾਤੀ ਪ੍ਰਥਾ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਭਾਰਤੀ ਇਤਿਹਾਸ ਖੋਜ ਪਰਿਸ਼ਦ ਦੇ ਪ੍ਰਧਾਲ ਵਾਈ. ਸੁਦਰਸ਼ਨ ਨੇ ਹਾਲ ਹੀ ਵਿਚ ਕਿਹਾ ਸੀ ਕਿ ਇਤਿਹਾਸ ਵਿਚ ਕਿਸੇ ਨੇ ਜਾਤੀ ਪ੍ਰਥਾ ਦੇ ਵਿਰੁੱਧ ਕਦੀ ਕੋਈ ਸ਼ਿਕਾਇਤ ਨਹੀਂ ਕੀਤੀ ਅਤੇ ਇਸ ਪ੍ਰਥਾ ਨੇ ਹਿੰਦੂ ਸਮਾਜ ਨੂੰ ਸਥਾਈਪਣ ਪ੍ਰਦਾਨ ਕੀਤਾ। ਐਸ. ਸੀ./ ਐਸ. ਟੀ. ਅੱਤਿਆਚਾਰ ਨਿਵਾਰਨ ਐਕਟ ਨੂੰ ਕਮਜ਼ੋਰ ਕਰਨਾ ਅਤੇ ਯੂਨੀਵਰਸਿਟੀਆ ਵਿਚ ਇਹਨਾਂ ਵਰਗਾਂ ਅਤੇ ਓ. ਬੀ. ਸੀ. ਦੇ ਲਈ ਅਹੁਦਿਆਂ ਵਿਚ ਰਿਜ਼ਰਵੇਸ਼ਨ ਸਬੰਧੀ ਨਿਯਮਾ ਵਿਚ ਤਬਦੀਲੀ, ਸਮਾਜਿਕ ਨਿਆਂ ਅਤੇ ਅੰਬੇਡਕਰ ਦੀ ਵਿਚਾਰਧਾਰਾ 'ਤੇ ਸਿੱਧਾ ਹਮਲਾ ਹੈ।

ਜਿਵੇਂ-ਜਿਵੇਂ ਹਿੰਦੂ ਰਾਸ਼ਟਰਵਾਦ ਦੀ ਆਵਾਜ਼ ਬੁਲੰਦ ਹੁੰਦੀ ਜਾ ਰਹੀ ਹੈ, ਉਸਦੇ ਸਾਹਮਣੇ ਇਹ ਸਮੱਸਿਆ ਵੀ ਪੈਦਾ ਹੋ ਰਹੀ ਹੈ ਕਿ ਉਹ ਦਲਿਤਾਂ ਦੀ ਸਮਾਜਿਕ ਨਿਆਂ ਪ੍ਰਾਪਤ ਕਰਨ ਦੀ ਇੱਛਾ ਨਾਲ ਕਿਵੇਂ ਨਿਪਟਣ। ਹਿੰਦੂ ਰਾਸ਼ਟਰਵਾਦੀ ਰਾਜਨੀਤੀ, ਜਾਤੀ ਅਤੇ ਲਿੰਗ ਤੇ ਆਧਾਰਿਤ ਹੈ। ਇਸ ਲੜੀ ਦਾ ਸਮਰਥਨ ਆਰ. ਐਸ. ਐਸ. ਚਿੰਤਕ ਅਤੇ ਸੰਘ ਪਰਿਵਾਰ ਦੇ ਨੇਤਾ ਕਰਦੇ ਆ ਰਹੇ ਹਨ। ਉਹਨਾਂ ਦੇ ਸਾਹਮਣੇ ਸਮੱਸਿਆ ਇਹ ਹੈ ਕਿ ਉਹ ਇਹਨਾਂ ਵਰਗਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਨਾ ਚਾਹੁੰਦੇ ਪਰ ਚੋਣਾਂ ਵਿਚ ਉਹਨਾਂ ਦੀ ਵੋਟ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਸੇ ਕਾਰਨ ਉਹ ਇਕ ਪਾਸੇ ਦਲਿਤਾਂ ਦੇ ਨਾਇਕ ਬਾਬਾ ਸਾਹਿਬ ਅੰਬੇਡਕਰ ਨੂੰ ਆਪਣਾ ਸਿੱਧ ਕਰਨ ਦਾ ਭਰਮ ਪੈਦਾ ਕਰਦੇ ਹਨ ਅਤੇ ਦੂਜੇ ਪਾਸੇ ਦਲਿਤਾਂ ਨੂੰ ਆਪਣੇ ਝੰਡੇ ਹੇਠ ਲਿਆਉਣ ਦੀ ਕੋਸ਼ਿਸ਼ ਵਿਚ ਵੀ ਲੱਗੇ ਹਨ। ਉਹ ਚਾਹੁੰਦੇ ਹਨ ਕਿ ਦਲਿਤ, ਭਗਵਾਨ ਰਾਮ ਅਤੇ ਪਵਿੱਤਰ ਗਾਂ 'ਤੇ ਆਧਾਰਿਤ ਉਹਨਾਂ ਦੇ ਏਜੰਡੇ ਨੂੰ ਸਵੀਕਾਰ ਕਰਨ।

ਇਹ ਇਕ ਅਜੀਬੋ-ਗਰੀਬ ਦੌਰ ਹੈ। ਇਕ ਪਾਸੇ ਉਹਨਾਂ ਸਿਧਾਂਤਾ ਅਤੇ ਕਦਰਾਂ ਕੀਮਤਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ, ਜਿਹਨਾਂ ਦੇ ਲਈ ਅੰਬੇਡਕਰ ਨੇ ਜੀਵਨ ਭਰ ਸੰਘਰਸ਼ ਕੀਤਾ ਅਤੇ ਦੂਜੇ ਪਾਸੇ ਉਹਨਾਂ ਦੀ ਆਲੋਚਨਾ ਹੋ ਰਹੀ ਹੈ। ਅਤੇ ਹੁਣ ਤਾਂ ਅੰਬੇਡਕਰ ਦੇ ਨਾਂ ਦੀ ਵਰਤੋਂ ਵੀ ਹਿੰਦੂਤਵਵਾਦੀ ਸ਼ਕਤੀਆਂ, ਰਾਮ ਦੀ ਆਪਣੀ ਰਾਜਨੀਤੀ ਨੂੰ ਅੱਗੇ ਵਧਾਉਣ ਲਈ ਵੀ ਕਰਨਾ ਚਾਹੁੰਦੀਆਂ ਹਨ।

# ਕੁਝ 'ਅਣ-ਸੁਲਝੇ' ਸੁਆਲ ਬਨਾਮ ਕਲਪਨਾ



ਜਸਵੰਤ ਸਿੰਘ 'ਅਜੀਤ'
91 9 827-19890

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰੂਪੀ ਸੰਤ ਸਿਪਾਹੀ ਦੀ ਸਿਰਜਨਾ ਨੂੰ ਸੰਪੂਰਨ ਕਰਦਿਆਂ 'ਸੀਸ ਭੇਟ' ਕਰਨ ਦੀ ਮੰਗ ਕਰਦਿਆਂ ਜੋ ਕੌਤਕ ਰਚਾਇਆ, ਉਸਨੂੰ ਵੇਖ-ਸੁਣ ਪੰਡਾਲ ਵਿੱਚ ਸਜੀ ਸੰਗਤ ਵਿੱਚ ਬੈਠੇ ਹਰ ਕਿਸੇ ਦੀਆਂ ਅੱਖਾਂ ਵਿਚ ਇਹੀ ਇਕੋ-ਇੱਕ ਸੁਆਲ ਸੀ, ਕਿ ਗੁਰੂ ਸਾਹਿਬ ਨੇ ਇਹ ਕੀ, ਕਿਵੇਂ ਅਤੇ ਕਿਉਂ ਕੌਤਕ ਵਰਤਾਇਆ ਹੈ? ਪਰ ਕਿਸੇ ਕੋਲ ਵੀ ਇਸ ਸੁਆਲ ਦਾ ਜਵਾਬ ਨਹੀਂ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਿਸ ਸੁਆਲ ਦਾ ਜੁਆਬ ਉਸ ਸਮੇਂ ਕਿਸੇ ਵਲੋਂ ਵੀ ਨਹੀਂ ਸੀ ਦਿੱਤਾ ਜਾ ਸਕਿਆ, ਉਸੇ ਸੁਆਲ ਦਾ ਜੁਆਬ ਅੱਜ ਦੇ ਵਿਦਵਾਨ ਆਪੋ-ਆਪਣੀ ਕਲਪਨਾ ਦੇ ਸਹਾਰੇ ਦੇ ਰਹੇ ਹਨ। ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ 'ਸਿੱਖ ਇਤਿਹਾਸ' ਵਿਚ ਲਿਖਦੇ ਹਨ : 'ਤੀਜੀ ਵਾਰ ਦੀ ਆਵਾਜ਼ ਤੇ ਲਾਹੌਰ ਦਾ ਇਕ ਖੱਤਰੀ ਦਯਾ ਰਾਮ ਆਪਣੀ ਥਾਂ ਤੋਂ ਉੱਠਿਆ ਅਤੇ ਆਪਣੇ ਆਪਨੂੰ ਕੁਰਬਾਨੀ ਲਈ ਪੇਸ਼ ਕੀਤਾ। ਗੁਰੂ ਜੀ ਉਸਨੂੰ ਨਾਲ ਲੱਗਦੇ ਇਕ ਅਹਾਤੇ ਵਿਚ ਲੈ ਗਏ, ਜਿੱਥੇ ਕੁਝ ਬੱਕਰੇ ਬੰਨ੍ਹੇ ਹੋਏ ਸਨ। ਉਸ ਸਿੱਖ ਨੂੰ ਉੱਥੇ ਬਿਠਾ ਕੇ ਇਕ ਬੱਕਰਾ ਝਟਕਾ ਦਿੱਤਾ ਗਿਆ।''

ਇਹ 'ਖੋਜ' ਪੂਰਣ ਜਾਣਕਾਰੀ ਪੰਥ ਦੇ ਪ੍ਰਸਿੱਧ ਵਿਦਵਾਨਾਂ ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਨੇ ਹੀ ਨਹੀਂ, ਸਗੋਂ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਨੇ ਵੀ ਆਪਣੀਆਂ ''ਖੋਜ ਪੂਰਨ'' ਪੁਸਤਕਾਂ ਵਿਚ ਬਿਆਨ ਕੀਤੀ ਹੈ। ਪਰ ਇਸ ਗੱਲ ਨੂੰ ਕਿਸੇ ਨੇ ਸਪੱਸ਼ਟ ਨਹੀਂ ਕੀਤਾ ਕਿ ਇਹ 'ਬੱਕਰੇ' ਗੁਰੂ ਸਾਹਿਬ ਨੇ ਕਿਸ ਰਾਹੀਂ ਮੰਗਵਾ ਕੇ ਬੰਨ੍ਹੇ ਸਨ, ਜਾਂ ਫਿਰ ਗੁਰੂ ਸਾਹਿਬ ਆਪ ਹੀ ਇਨ੍ਹਾ ਨੂੰ ਕਿਧਰੋਂ ਲਿਆਏ ਸਨ? ਇਥੇ ਇਹ ਸੁਆਲ ਵੀ ਉੱਠਦਾ ਕਿ ਜੇ ਸੱਚਮੁੱਚ ਹੀ ਗੁਰੂ ਸਾਹਿਬ ਨੇ ਸਿੰਘਾਂ ਦੀ ਬਜਾਏ ਝਟਕਾਉਣ ਲਈ ਬੱਕਰੇ ਬੰਨ੍ਹੇ ਹੋਏ ਸਨ ਤਾਂ ਜਦੋਂ ਗੁਰੂ ਸਾਹਿਬ ਨੇ ਇਕ ਤੋਂ ਬਾਅਦ ਇਕ ਕਰਕੇ ਪੰਜ ਬੱਕਰੇ ਝਟਕਾਏ ਤਾਂ ਕੀ ਇਤਨੇ ਲੰਮੇ ਸਮੇਂ ਵਿਚ ਇਨ੍ਹਾਂ ਬੱਕਰਿਆਂ ਵਿਚੋਂ ਕਿਸੇ ਇਕ ਨੇ ਵੀ ਆਵਾਜ਼ ਨਹੀਂ ਸੀ ਕੱਢੀ?

ਜਦਕਿ ਦੁਨੀਆਂ ਜਾਣਦੀ ਹੈ ਕਿ ਜੇ ਕਿਧਰੇ ਇਕ ਬੱਕਰਾ ਵੀ ਬੰਨ੍ਹਿਆ ਜਾਂ ਰੱਖਿਆ ਗਿਆ ਹੋਵੇ, ਉਹ ਚੁੱਪ ਕਰਕੇ ਨਹੀਂ ਖਲੋ ਸਕਦਾ, ਫਿਰ ਇਥੇ ਤਾਂ ਘੱਟੋ-ਘੱਟ ਪੰਜ ਬੱਕਰੇ ਬੰਨ੍ਹੇ ਗਏ ਹੋਣਗੇ? ਜੇ ਇਹ ਬੱਕਰੇ ਆਪਣੀ ਆਵਾਜ਼ ਕੱਢਦੇ ਰਹੇ ਤਾਂ ਕੀ ਦੀਵਾਨ ਵਿਚ ਬੈਠੀਆਂ ਸੰਗਤਾਂ ਨੂੰ ਉਨ੍ਹਾਂ ਦੀ ਆਵਾਜ਼ ਸੁਣਾਈ ਨਹੀਂ ਸੀ ਦਿੰਦੀ ਰਹੀ?

ਜੇ ਬੱਕਰਿਆਂ ਦੀ ਅਵਾਜ਼ ਦੀਵਾਨ ਵਿਚ ਜੁੜੀਆਂ ਸੰਗਤਾਂ ਤੱਕ ਪੁੱਜਦੀ ਰਹੀ ਸੀ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਡਰ ਕੇ ਦੀਵਾਨ ਵਿਚੋਂ ਉੱਠ ਜਾਣ ਦੀ ਕੀ ਲੋੜ ਸੀ? ਕੀ ਬੱਕਰਿਆਂ ਦੀ ਆਵਾਜ਼ ਸੁਣ, ਗੁਰੂ ਸਾਹਿਬ ਦੀ ਲਲਕਾਰ ਤੇ ਸਾਰੀ ਸੰਗਤ ਹੀ ਸਿਰ ਭੇਂਟ ਕਰਨ ਲਈ ਨਹੀਂ ਸੀ ਉੱਠ ਖੜੀ ਹੋ ਸਕਦੀ?

ਫਿਰ ਜੇ ਗੁਰੂ ਸਾਹਿਬ ਨੇ ਕਿਸੇ ਪਾਸੋਂ ਮੰਗਵਾ ਕੇ ਬੱਕਰੇ ਬੰਨ੍ਹਵਾਏ ਸਨ ਤਾਂ ਭਾਈ ਦਯਾ ਰਾਮ ਜਾਂ ਉਨ੍ਹਾਂ ਤੋਂ ਪਿਛੋਂ ਦੂਜੇ ਅਤੇ ਤੀਜੇ ਸਿੱਖ ਦੇ ਅੰਦਰ ਜਾਣ ਤੋਂ ਬਾਅਦ ਅਤੇ ਗੁਰੂ ਸਾਹਿਬ ਦੀ ਵਾਪਸੀ ਤੇ, ਬੱਕਰੇ ਲਿਆਉਣ ਵਾਲੇ ਨੂੰ ਤਾਂ ਇਹ ਸ਼ੰਕਾ ਜ਼ਰੂਰ ਹੋ ਸਕਦੀ ਸੀ ਕਿ ਗੁਰੂ ਜੀ ਸਿੱਖਾਂ ਨੂੰ ਨਹੀਂ, ਸਗੋਂ ਬੱਕਰਿਆਂ ਨੂੰ ਝਟਕਾ ਰਹੇ ਹਨ। ਤਾਂ ਕੀ ਇਹ ਸ਼ੰਕਾ ਹੋਣ ਤੇ ਉਹ ਵਿਅਕਤੀ ਆਪ ਆਪਣਾ ਸੀਸ ਭੇਂਟ ਕਰਨ ਲਈ ਅੱਗੇ ਨਹੀਂ ਸੀ ਆ ਸਕਦਾ? ਜੇ ਅਜਿਹਾ ਵਿਅਕਤੀ ਅੱਗੇ ਆ ਜਾਂਦਾ ਤਾਂ ਫਿਰ ਗੁਰੂ ਸਾਹਿਬ ਵਲੋਂ ਲਈ ਜਾ ਰਹੀ ਪ੍ਰੀਖਿਆ ਦੀ ਕੀ ਸਾਰਥਕਤਾ ਰਹਿ ਜਾਣੀ ਸੀ?

ਸਿੱਧੀ ਤੇ ਸਪੱਸ਼ਟ ਗੱਲ ਇਹ ਹੈ ਕਿ ਬੱਕਰੇ ਬੰਨ੍ਹੇ ਹੋਣ ਜਾਂ ਝਟਕਾਉਣ ਦੀ ਗੱਲ ਵਿਦਵਾਨ ਵੀਰਾਂ ਦੀ ਕੋਰੀ ਕਲਪਨਾ ਅਤੇ ਉੱਚੀ ਕਲਪਤ ਉਡਾਣ ਦਾ ਸਿੱਟਾ ਹੈ। ਗੁਰੂ ਸਾਹਿਬ ਵਾਰੋ-ਵਾਰੀ ਪੰਜ ਸਿੰਘਾਂ ਨੂੰ ਤੰਬੂ ਅੰਦਰ ਲੈ ਕੇ ਗਏ ਅਤੇ ਹਰ ਵਾਰ ਖੜਾਕ ਦੀ ਅਵਾਜ਼ ਤੋਂ ਬਾਅਦ 'ਲਹੂ-ਲਿਬੜੀ' ਤਲਵਾਰ ਲੈ, ਬਾਹਰ ਆਏ।

ਅੰਦਰ ਕੀ ਕੌਤਕ ਵਰਤਿਆ? ਇਸ ਬਾਰੇ ਕੇਵਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹ ਪੰਜ ਸਿੰਘ ਹੀ ਜਾਣਦੇ ਸਨ, ਜੋ ਗੁਰੂ ਸਾਹਿਬ ਦੀ ਮੰਗ ਤੇ ਵਾਰੋ-ਵਾਰ ਆਪਣਾ ਸੀਸ ਭੇਂਟ ਕਰਨ ਲਈ ਉੱਠ, ਅੱਗੇ ਆਏ ਸਨ।

ਇਤਿਹਾਸ ਵਿਚ ਕਿਧਰੇ ਵੀ ਜ਼ਿਕਰ ਨਹੀਂ ਆਉਂਦਾ ਕਿ ਇਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਕਦੇ ਕੁਝ ਦੱਸਿਆ ਹੋਵੇ ਕਿ ਤੰਬੂ ਅੰਦਰ ਕੀ ਕੌਤਕ ਵਾਪਰਿਆ ਸੀ?

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵੀ ਲਿਖਿਆ ਹੈ ਕਿ 'ਅੰਦਰ ਤੰਬੂ ਵਿੱਚ ਉਨ੍ਹਾਂ 'ਪੰਜਾਂ' ਨਾਲ ਕੀ ਬੀਤੀ, ਇਸ ਬਾਰੇ ਕੁਝ ਵੀ ਕਹਿਣਾ ਅਸੰਭਵ ਹੈ। ਸਿਰਫ ਇਤਨਾ ਹੀ ਕਹਿਣਾ ਫਬਦਾ ਹੈ ਕਿ ਉਹ ਪ੍ਰੀਖਿਆ ਵਾਲਾ ਦਿਨ ਸੀ ਤੇ ਕੋਈ ਵੀ ਪ੍ਰੀਖਿਆਕਾਰ ਆਪਣਾ ਪਰਚਾ ਨਹੀਂ ਦਸਦਾ। ਜੇ ਪਰਚਾ ਦੱਸ ਦਿੱਤਾ ਗਿਆ ਹੁੰਦਾ ਤਾਂ ਪ੍ਰੀਖਿਆ ਕਾਹਦੀ ਹੋਈ'?

ਇਸ ਲਈ ਕਲਪਤ ਉਡਾਣਾਂ ਰਾਹੀਂ ਕੋਈ ਕਹਾਣੀ ਘੜ, ਆਪਣੀ ਵਿਦਵਤਾ ਦਾ ਸਿੱਕਾ ਬਿਠਾਨ ਦੀ ਬਜਾਏ ਚੰਗਾ ਇਹੀ ਹੈ ਕਿ ਤੰਬੂ ਅੰਦਰ ਕੀ ਵਾਪਰਿਆ? ਇਸ ਬਾਰੇ ਆਪਣੀ ਅਨਜਾਣਤਾ ਨੂੰ ਸਵੀਕਾਰ ਕਰ ਲਿਆ ਜਾਏ।

# ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ 21 ਨੂੰ, ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪ੍ਰੋ. ਕੇ. ਐਲ. ਟੁਟੇਜਾ ਹੋਣਗੇ ਮੁੱਖ ਵਕਤਾ

**ਜਲੰਧਰ** – ਸਾਡੇ ਮੁਲਕ ਦੀ ਆਜ਼ਾਦੀ ਤਵਾਰੀਖ਼ ਅੰਦਰ, ਦੇਸ਼ੀ-ਬਦੇਸ਼ੀ ਹਰ ਵੰਨਗੀ ਦੀ ਗ਼ੁਲਾਮੀ, ਦਾਬੇ, ਅਨਿਆਂ ਅਤੇ ਜ਼ਬਰ ਤੋਂ ਮੁਕਤ ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ ਵਾਲਾ ਰਾਜ ਅਤੇ ਸਮਾਜ ਸਿਰਜਣ ਦੇ ਸੁਨਹਿਰੀ ਸੁਪਨੇ ਲੈ ਕੇ ਜੂਝਦਿਆਂ ਹਰ ਕੁਰਬਾਨੀ ਕਰਨ ਵਾਲੀ 21 ਅਪ੍ਰੈਲ 1913 ਨੂੰ ਅਮਰੀਕਾ 'ਚ ਬਣੀ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਨਾਂਅ ਦੀ ਜੱਥੇਬੰਦੀ (ਜੋ ਆਪਣੀ ਅਖ਼ਬਾਰ 'ਗ਼ਦਰ' ਕਾਰਨ ਗ਼ਦਰ ਪਾਰਟੀ ਕਰਕੇ ਮਕਬੂਲ ਹੋਈ) ਦੇ ਸਥਾਪਨਾ ਦਿਹਾੜੇ ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ 21 ਅਪ੍ਰੈਲ ਨੂੰ ਠੀਕ 10:30 ਵਜੇ ਪ੍ਰਭਾਵਸ਼ਾਲੀ ਸਮਾਗਮ ਕੀਤਾ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਾਰ ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ, ਜੱਲ੍ਹਿਆਂਵਾਲਾ ਬਾਗ਼ ਦੀ ਅਗਲੇ ਵਰ੍ਹੇ (1919-2019) ਆ ਰਹੀ ਸ਼ਤਾਬਦੀ ਨੂੰ ਵਿਸ਼ੇਸ਼ ਕਰਕੇ ਸਮਰਪਤ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮਨਾਏ ਜਾ ਰਹੇ ਇਸ ਸਮਾਗਮ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਸੇਵਾ ਮੁਕਤ ਪ੍ਰੋ. ਕੇ.ਐਲ. ਟੁਟੇਜਾ ਸੰਬੋਧਨ ਕਰਨਗੇ। ਵਿਚਾਰ-ਚਰਚਾ ਦਾ ਵਿਸ਼ਾ ''ਜੱਲ੍ਹਿਆਂਵਾਲਾ ਬਾਗ਼ ਦੀ ਅਜੋਕੇ ਸਮੇਂ ਅੰਦਰ ਇਤਿਹਾਸਕ ਮਹੱਤਤਾ'' ਰੱਖਿਆ ਗਿਆ ਹੈ। ਗ਼ਦਰ ਪਾਰਟੀ ਦਾ ਝੰਡਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦੇਵ ਰਾਜ ਨਯੀਅਰ ਝੁਲਾਉਣਗੇ ਅਤੇ ਗ਼ਦਰ ਪਾਰਟੀ ਦੇ ਨਿਸ਼ਾਨਿਆਂ ਦੀ ਪੂਰਤੀ ਲਈ ਲੋਕ-ਸੰਗਰਾਮ ਜਾਰੀ ਰੱਖਣ ਦੀ ਬਣੀ ਲੋੜ ਉਪਰ ਜ਼ੋਰ ਦੇਣਗੇ। ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਮਾਗਮ 'ਚ ਪੁੱਜਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਲੋਕਤੰਤਰੀ ਸਦਨਾਂ ਵਿੱਚ ਵਿਚਾਰ-ਚਰਚਾ ਦਾ ਖ਼ਤਮ ਹੋਣਾ ਮੰਦਭਾਗਾ

**ਹੈਰਾਨੀ ਦੀ ਗੱਲ ਹੈ ਕਿ ਪਿਛਲੇ ਦਸ ਵਰ੍ਹਿਆਂ 'ਚ 47 ਫੀਸਦੀ ਪਾਰਲੀਮੈਂਟ ਵਿੱਚ ਪਾਸ ਹੋਏ ਬਿੱਲ, ਬਿਨ੍ਹਾਂ ਕਿਸੇ ਚਰਚਾ ਦੇ ਪਾਸ ਕਰ ਦਿੱਤੇ ਗਏ। ਇਸ ਤੋਂ ਵੀ ਵੱਡੀ ਹੈਰਾਨੀ ਇਹ ਕਿ ਇਹਨਾ ਬਿੱਲਾਂ ਵਿਚੋਂ 61 ਫੀਸਦੀ ਸੈਸ਼ਨ ਦੇ ਆਖਰੀ ਤਿੰਨ ਘੰਟਿਆਂ ਵਿੱਚ ਪਾਸ ਕੀਤੇ ਗਏ, ਜਿਹੜੇ ਕਿ ਪਾਸ ਕੀਤੇ ਗਏ ਕੁਲ ਬਿੱਲਾਂ ਦਾ 24 ਫੀਸਦੀ ਬਣਦੇ ਹਨ। ਪਾਰਲੀਮੈਂਟ ਵਿੱਚ ਇਸ ਤਰ੍ਹਾਂ ਪਾਸ ਕੀਤੇ ਜਾਣ ਵਾਲੇ ਬਿੱਲਾਂ ਦਾ ਪਾਸ ਹੋਣ ਦਾ ਕਾਰਨ ਇਹ ਵੀ ਹੈ ਕਿ ਵੀਹ ਸਾਲਾਂ ਵਿੱਚ ਪਾਰਲੀਮੈਂਟ ਵਿੱਚ ਪੁੱਜਣ ਵਾਲੇ ਪੀ ਐਚ ਡੀ, ਐਮ ਏ ਪਾਸ ਮੈਂਬਰਾਂ ਦੀ ਗਿਣਤੀ 62 ਫੀਸਦੀ ਘਟੀ ਹੈ। 30 ਸਾਲ ਦੀ ਉਮਰ ਤੋਂ ਘੱਟ ਵਾਲੇ 71 ਫੀਸਦੀ ਮੈਂਬਰ, ਅਤੇ 40 ਸਾਲ ਦੀ ਉਮਰ ਤੋਂ ਘੱਟ ਵਾਲੇ 57 ਫੀਸਦੀ ਮੈਂਬਰ, ਪਹਿਲੇ ਮੈਂਬਰਾਂ ਦੇ ਪੁੱਤਰ-ਪੋਤਰੇ ਹਨ, ਜਿਹਨਾ ਨੂੰ ਪੁਸ਼ਤ ਦਰ ਪੁਸ਼ਤ, ਜੱਦੀ ਪੁਸ਼ਤੀ ਜਾਇਦਾਦ ਵਾਂਗਰ ਮੈਂਬਰੀ ਮਿਲੀ ਹੋਈ ਹੈ। ਇਹੋ ਜਿਹੇ ਹਾਲਤਾਂ ਵਿੱਚ ਸਦਨਾਂ, ਵਿਧਾਨ ਸਭਾਵਾਂ ਵਿੱਚ ਵਿਚਾਰ-ਚਰਚਾ ਦੇ ਪੱਧਰ ਡਿੱਗਣਾ ਸੁਭਾਵਿਕ ਮੰਨਿਆ ਜਾ ਰਿਹਾ ਹੈ।**



**ਗੁਰਮੀਤ ਸਿੰਘ ਪਲਾਹੀ**
91-98158-02070

ਇੱਕ ਅੰਦਾਜ਼ਾ ਹੈ ਕਿ ਦੇਸ਼ ਦੇ ਉੱਚ ਸਦਨਾਂ, ਲੋਕ ਸਭਾ ਅਤੇ ਰਾਜ ਸਭਾ, ਵਿੱਚ ਇੱਕ ਦਿਨ ਦੀ ਸਦਨ ਦੀ ਕਾਰਵਾਈ ਚਲਾਉਣ ਤੇ ਨੌਂ ਕਰੋੜ ਰੁਪਏ ਖਰਚ ਹੁੰਦੇ ਹਨ। ਪਿਛਲੇ ਵੀਹ ਦਿਨ ਸਦਨ ਦੀ ਕਾਰਵਾਈ ਚੱਲੀ, ਪਰ ਸਦਨ ਚੱਜ-ਹਾਲ ਨਾਲ ਇੱਕ ਦਿਨ ਵੀ ਨਹੀਂ ਚੱਲੇ। ਹੰਗਾਮੇ ਹੁੰਦੇ ਰਹੇ। ਸ਼ੋਰ-ਸ਼ਰਾਬਾ ਪੈਂਦਾ ਰਿਹਾ। ਵਿਚਾਰ-ਚਰਚਾ ਜਾਂ ਸੰਵਾਦ ਹੋਣ ਦੀ ਤਾਂ ਗੱਲ ਹੀ ਛੱਡੋ, ਰੌਲਾ-ਰੱਪਾ ਇੰਨਾ ਰਿਹਾ ਕਿ ਇੱਕ ਮੈਂਬਰ ਦੀ ਗੱਲ ਦੂਜੇ ਮੈਂਬਰ ਤੱਕ ਸੁਣੀ-ਸੁਣਾਈ ਹੀ ਨਹੀਂ ਜਾ ਸਕੀ। ਪੰਜ ਮਾਰਚ ਤੋਂ ਸ਼ੁਰੂ ਹੋਏ ਸੰਸਦ ਦੇ 20 ਦਿਨ ਹੁਣ ਤੱਕ ਬਰਬਾਦ ਹੋ ਚੁੱਕੇ ਹਨ। ਔਖੇ ਹੋਕੇ ਟੈਕਸ ਭਰਦੀ ਭਾਰਤੀ ਜਨਤਾ ਦਾ ਕਿੰਨਾ ਪੈਸਾ ਬਰਬਾਦ ਹੋਇਆ, ਸਦਨ ਦੀ ਭੇਟ ਚੜ੍ਹਿਆ, ਇਸ ਦਾ ਦਰਦ ਕੌਣ ਸਮਝੇ? ਕੌਣ ਜਾਣੇ?

ਵੱਡਿਆਂ ਦਾ ਸਦਨ 20ਵੇਂ ਦਿਨ ਗਿਆਰਾਂ ਵੇਰ ਮੁਲਤਵੀ ਹੋਇਆ ਅਤੇ ਹੰਗਾਮਿਆਂ ਕਾਰਨ ਭ੍ਰਿਸ਼ਟਾਚਾਰ ਰੋਕੂ ਸੋਧ ਬਿੱਲ ਵੀ ਪਾਸ ਨਾ ਹੋ ਸਕਿਆ । ਸਰਕਾਰੀ ਪੱਖ ਨੇ ਵਿਰੋਧੀ ਧਿਰ ਦੇ ਲਗਾਤਾਰ ਵਿਰੋਧ ਨੂੰ "ਲੋਕਤੰਤਰ ਦੀ ਹੱਤਿਆ " ਦਾ ਨਾਮ ਦਿੱਤਾ। ਜਦਕਿ ਵਿਰੋਧੀ ਧਿਰ ਨੇ ਕਿਹਾ ਹੈ ਕਿ ਸੱਤਾਧਾਰੀ ਦਲ ਦੀ ਰੁਚੀ ਨਾ ਤਾਂ ਬਿੱਲ ਪਾਸ ਹੋਣ ਦੇਣ 'ਚ ਹੈ ਤੇ ਨਾ ਹੀ ਕਿਸੇ ਮੁੱਦੇ ਉਤੇ ਚਰਚਾ ਕਰਨ 'ਚ ਹੈ। ਵਿਰੁੱਧੀ ਧਿਰ ਦਾ ਕਹਿਣਾ ਹੈ ਕਿ ਚਰਚਾ ਲਈ ਬਥੇਰੇ ਮੁੱਦੇ ਹਨ, ਪਰ ਸਰਕਾਰ ਸੁਣ ਹੀ ਨਹੀਂ ਰਹੀ।

ਸਿਆਸੀ ਲੋਕਾਂ ਨੇ ਇੱਕ ਦੂਜੇ ਦਾ ਸਿਆਸੀ ਵਿਰੋਧ ਆਪੋ-ਆਪਣੀਆਂ ਨੀਤੀਆਂ ਦੇ ਮੱਦੇ-ਨਜ਼ਰ ਕਰਨਾ ਹੀ ਹੁੰਦਾ ਹੈ। ਪਰ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਲੋਕਾਂ ਵਲੋਂ ਇੱਕ ਥਾਂ ਨਿੱਠ ਬੈਠਕੇ ਵਿਚਾਰ-ਚਰਚਾ ਜਾਂ ਸੰਵਾਦ ਨਾ ਰਚਾਉਣਾ ਡਾਹਢਾ ਹੀ ਚਿੰਤਾ ਦਾ ਵਿਸ਼ਾ ਹੈ। ਇਸ ਵੇਰ ਲੋਕ ਸਭਾ 'ਚ ਹੰਗਾਮਿਆਂ ਦੇ ਦੌਰਾਨ ਹੀ ਬਹੁਤ ਮਹੱਤਵਪੂਰਨ ਵਿੱਤੀ ਬਿੱਲ ਬਿਨ੍ਹਾਂ ਕਿਸੇ ਚਰਚਾ ਦੇ ਪਾਸ ਕਰ ਦਿੱਤੇ ਗਏ, ਜੋ ਅਸਲ ਅਰਥਾਂ 'ਚ ਵਿਸ਼ੇਸ਼ ਚਰਚਾ ਦੀ ਮੰਗ ਕਰਦੇ ਸਨ, ਇਸ ਨਾਲ ਲੱਖਾਂ ਆਮ ਲੋਕ ਪ੍ਰਭਾਵਿਤ ਹੋਣਗੇ। ਵਿੱਤੀ ਬਿੱਲ 2018, ਜਿਸ ਵਿੱਚ ਵਿੱਤ ਮੰਤਰੀ ਨੇ 21 ਸੋਧਾਂ ਪੇਸ਼ ਕੀਤੀਆਂ, ਬਿਨਾਂ ਬਹਿਸ ਹੱਥ ਖੜੇ ਕਰਵਾਕੇ ਬਿਨ੍ਹਾਂ ਵਿਚਾਰ-ਚਰਚਾ ਪਾਸ ਕਰਵਾ ਲਿਆ ਗਿਆ। ਇਹ ਬਿੱਲ 2018-19 ਦੀਆਂ ਟੈਕਸ ਪਰੋਪੋਜ਼ਲਾਂ ਨਾਲ ਸਬੰਧਤ ਸੀ। ਪਰ ਇਸ ਸਭ ਕੁਝ ਦੀ ਫਿਕਰ ਹੁਣ ਬਹੁਤੇ ਨੇਤਾਵਾਂ ਨੂੰ ਨਹੀਂ ਰਹਿ ਗਈ, ਉਹ ਤਾਂ ਹਰ ਹੀਲੇ ਇੱਕ ਦੂਜੇ ਨੂੰ ਨੀਵਾਂ ਵਿਖਾਕੇ ਤਾਕਤ ਹਥਿਆਉਣ ਦੇ ਆਹਰ ਵਿੱਚ ਜਿਵੇਂ ਲੋਕਾਂ ਦਾ ਇਮਤਿਹਾਨ ਲੈ ਰਹੇ ਹਨ, ਜੋ ਹਾਲੀ ਤੱਕ ਸ਼ਾਇਦ ਇਹਨਾ ਨੇਤਾਵਾਂ ਦਾ ਤਮਾਸ਼ਾ ਵੇਖ ਰਹੇ ਹਨ। ਚੁੱਪ ਬੈਠੇ ਹਨ। ਨੇਤਾਵਾਂ ਨੂੰ ਮਨ ਮਰਜ਼ੀਆਂ ਕਰਨ ਦੇ ਰਹੇ ਹਨ।

ਜਿਸ ਕਿਸਮ ਦਾ ਸ਼ਰਮਨਾਕ ਗਾਲੀ ਗਲੋਚ, ਤਾਹਨੇ-ਮਿਹਨੇ, ਸ਼ਰੀਕੇਬਾਜੀ ਵਾਲਾ ਬਹਿਸ-ਮੁਬਾਹਸਾ, ਪਿਛਲੇ ਦਿਨੀਂ ਪੰਜਾਬ ਦੀ ਵਿਧਾਨ ਸਭਾ 'ਚ ਹੋਇਆ। ਨੇਤਾਵਾਂ ਨੇ ਇੱਕ ਦੂਜੇ ਉਤੇ ਚਿੱਕੜ ਉਛਾਲਿਆ ਅਤੇ ਕਈ ਹੋਰ ਵਿਧਾਨ-ਸਭਾਵਾਂ, ਵਿਧਾਨ ਪ੍ਰੀਸ਼ਦਾਂ 'ਚ ਇਹੋ ਜਿਹੀਆਂ ਵਾਰਦਾਤਾਂ ਹੋਈਆਂ ਜਾਂ ਹੋ ਰਹੀਆਂ ਹਨ, ਉਹਨਾ ਤੋਂ ਤਾਂ ਇਵੇਂ ਲਗ ਰਿਹਾ ਹੈ ਕਿ ਇਹ ਸਿਆਸੀ ਲੋਕ ਅਸੂਲਾਂ ਦੀ ਸਿਆਸਤ ਛੱਡ ਸ਼ੋਰ-ਸ਼ਰਾਬੇ ਦੇ ਜ਼ਰੀਏ ਜਾਂ ਧੱਕੇ ਧੌਂਸ ਨਾਲ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਕਰਨਾ ਚਾਹੁੰਦੇ ਹਨ। ਇਹ ਠੀਕ ਹੈ ਕਿ ਲੋਕਤੰਤਰ ਦੇ ਥੰਮ ਇਹਨਾਂ ਸਦਨਾਂ ਨੂੰ ਚਲਾਉਣ ਦੀ ਮੁੱਖ ਜ਼ਿੰਮੇਵਾਰੀ ਹਾਕਮ ਧਿਰ ਦੀ ਹੈ, ਪਰ ਕੀ ਵਿਰੋਧੀ ਧਿਰ ਦੇ ਸਹਿਯੋਗ ਬਿਨ੍ਹਾਂ ਇਹ ਸੰਭਵ ਹੈ। ਸਰਕਾਰ ਦੇ ਪ੍ਰਬੰਧਕ ਵੀ ਸਦਨਾ ਦੀ ਕਾਰਵਾਈ ਨੂੰ ਠੀਕ ਢੰਗ ਨਾਲ ਚਲਾਉਣ ਲਈ ਕੋਈ ਕਦਮ ਨਹੀਂ ਪੁੱਟ ਰਹੇ।



ਵੇਖਣ ਵਿੱਚ ਇਹ ਆ ਰਿਹਾ ਹੈ ਕਿ ਸੱਤਾਧਾਰੀ ਲੋਕ ਚਾਹੇ ਉਹ ਦੇਸ਼ ਦੇ ਉੱਚ ਸਦਨ ਲੋਕ ਸਭਾ, ਰਾਜ ਸਭਾ 'ਚ ਬੈਠੇ ਹਨ, ਜਾਂ ਇੱਕ ਪਿੰਡ ਦੀ ਪੰਚਾਇਤ ਦੀ ਕਮਾਂਡ ਸਾਂਭੀ ਬੈਠੇ ਹਨ, ਆਪਣੀ ਮਰਜ਼ੀ ਨਾਲ, ਬਿਨ੍ਹਾਂ ਵਿਰੋਧੀ ਧਿਰ ਦੀ ਸਹਿਮਤੀ ਲਿਆਂ, ਆਪਣੇ ਫੈਸਲੇ ਠੋਸਣਾ ਚਾਹੁੰਦੇ ਹਨ। ਇਥੋਂ ਹੀ ਲੋਕਤੰਤਰ ਦੇ ਖਾਤਮੇ ਦੀ ਵਾਰਤਾ ਸ਼ੁਰੂ ਹੁੰਦੀ ਹੈ। ਇਥੋਂ ਹੀ ਆਪਸੀ ਸੰਵਾਦ ਦੇ ਰਸਤੇ ਬੰਦ ਹੁੰਦੇ ਹਨ। ਜਦੋਂ ਸੰਵਾਦ ਖਤਮ ਹੁੰਦਾ ਹੈ, ਉਦੋਂ ਸਭ ਤੋਂ ਵੱਧ ਨੁਕਸਾਨ ਦੇਸ਼ ਦੀ ਜਨਤਾ ਦਾ ਹੁੰਦਾ ਹੈ। ਜਿਸਦੀ ਅਵਾਜ਼ ਸੁਨਣ ਵਾਲਾ ਹੀ ਕੋਈ ਨਹੀਂ ਰਹਿੰਦਾ।

1952 ਤੋਂ 1972 ਦੇ ਸਮੇਂ ਦੌਰਾਨ ਲੋਕ ਸਭਾ, ਰਾਜ ਸਭਾ ਸਦਨਾਂ ਦਾ ਸੈਸ਼ਨ ਪੂਰੇ ਸਾਲ ਵਿਚੋਂ 128 ਤੋਂ 132 ਦਿਨ ਚੱਲਿਆ। ਬਿੱਲ ਚਰਚਾ ਨਾਲ ਪਾਸ ਹੁੰਦੇ ਰਹੇ। ਪ੍ਰਸ਼ਨ ਕਾਲ ਦੌਰਾਨ, ਜਿਹੜਾ ਕਿ ਸਰਕਾਰ ਤੋਂ ਸਵਾਲ ਕਰਨ ਦਾ ਸਮਾਂ ਹੁੰਦਾ ਹੈ, ਉਸ ਵਿੱਚ ਲੋਕਾਂ ਨਾਲ ਸਬੰਧਤ ਸਵਾਲ ਪਾਰਲੀਮੈਂਟ ਦੇ ਮੈਂਬਰ ਨਿਧੜਕ ਹੋਕੇ ਪੁੱਛਦੇ ਰਹੇ। ਪਰ ਔਸਤਨ ਹੁਣ ਪਿਛਲੇ 10 ਸਾਲਾਂ ਤੋਂ ਸਦਨ ਹਰ ਸਾਲ 64 ਤੋਂ 67 ਦਿਨ ਤੱਕ ਚੱਲਦਾ ਹੈ। ਹੁਣ ਤਾਂ ਪ੍ਰਸ਼ਨ ਕਾਲ ਵੀ ਹੰਗਾਮਿਆਂ ਦੀ ਭੇਟ ਚੜ੍ਹਦਾ ਹੈ। ਕਿਉਂਕਿ ਜਿਆਦਾ ਪੈਸੇ ਵਾਲੇ ਅਤੇ 'ਖੱਬੀ ਖਾਨ' ਲੋਕ ਸਦਨਾਂ ਵਿੱਚ ਪੁੱਜ ਰਹੇ ਹਨ, ਜਿਹਨਾ ਉਤੇ ਅਪਰਾਧਿਕ ਮਾਮਲੇ ਤੱਕ ਦਰਜ਼ ਹਨ ਅਤੇ ਉਹ ਵਿਦਿਅਕ ਯੋਗਤਾ ਪੱਖੋਂ ਵੀ ਊਣੇ ਹਨ। ਪਿਛਲੇ 20 ਸਾਲਾਂ ਵਿੱਚ ਪਾਰਲੀਮੈਂਟ ਵਿੱਚ ਪੁੱਜਣ ਵਾਲੇ ਮੈਂਬਰਾਂ ਦੀ ਵਿਦਿਅਕ ਯੋਗਤਾ ਔਸਤਨ ਘਟੀ ਹੈ ਅਤੇ ਪਿਛਲੇ ਪੰਜਾਂ ਸਾਲਾਂ 'ਚ ਉਹਨਾ ਦੀ ਤਨਖਾਹ ਵਿੱਚ ਚਾਰ ਗੁਣਾ ਵਾਧਾ ਹੋਇਆ ਹੈ।

ਹੈਰਾਨੀ ਦੀ ਗੱਲ ਹੈ ਕਿ ਪਿਛਲੇ ਦਸ ਵਰ੍ਹਿਆਂ 'ਚ 47 ਫੀਸਦੀ ਪਾਰਲੀਮੈਂਟ ਵਿੱਚ ਪਾਸ ਹੋਏ ਬਿੱਲ, ਬਿਨ੍ਹਾਂ ਕਿਸੇ ਚਰਚਾ ਦੇ ਪਾਸ ਕਰ ਦਿੱਤੇ ਗਏ। ਇਸ ਤੋਂ ਵੀ ਵੱਡੀ ਹੈਰਾਨੀ ਇਹ ਕਿ ਇਹਨਾ ਬਿੱਲਾਂ ਵਿਚੋਂ 61 ਫੀਸਦੀ ਸੈਸ਼ਨ ਦੇ ਆਖਰੀ ਤਿੰਨ ਘੰਟਿਆਂ ਵਿੱਚ ਪਾਸ ਕੀਤੇ ਗਏ, ਜਿਹੜੇ ਕਿ ਪਾਸ ਕੀਤੇ ਗਏ ਕੁਲ ਬਿੱਲਾਂ ਦਾ 24 ਫੀਸਦੀ ਬਣਦੇ ਹਨ। ਪਾਰਲੀਮੈਂਟ ਵਿੱਚ ਇਸ ਤਰ੍ਹਾਂ ਪਾਸ ਕੀਤੇ ਜਾਣ ਵਾਲੇ ਬਿੱਲਾਂ ਦਾ ਪਾਸ ਹੋਣ ਦਾ ਕਾਰਨ ਇਹ ਵੀ ਹੈ ਕਿ ਵੀਹ ਸਾਲਾਂ ਵਿੱਚ ਪਾਰਲੀਮੈਂਟ ਵਿੱਚ ਪੁੱਜਣ ਵਾਲੇ ਪੀ ਐਚ ਡੀ, ਐਮ ਏ ਪਾਸ ਮੈਂਬਰਾਂ ਦੀ ਗਿਣਤੀ 62 ਫੀਸਦੀ ਘਟੀ ਹੈ। 30 ਸਾਲ ਦੀ ਉਮਰ ਤੋਂ ਘੱਟ ਵਾਲੇ 71 ਫੀਸਦੀ ਮੈਂਬਰ, ਅਤੇ 40 ਸਾਲ ਦੀ ਉਮਰ ਤੋਂ ਘੱਟ ਵਾਲੇ 57 ਫੀਸਦੀ ਮੈਂਬਰ, ਪਹਿਲੇ ਮੈਂਬਰਾਂ ਦੇ ਪੁੱਤਰ-ਪੋਤਰੇ ਹਨ, ਜਿਹਨਾ ਨੂੰ ਪੁਸ਼ਤ ਦਰ ਪੁਸ਼ਤ, ਜੱਦੀ ਪੁਸ਼ਤੀ ਜਾਇਦਾਦ ਵਾਂਗਰ ਮੈਂਬਰੀ ਮਿਲੀ ਹੋਈ ਹੈ। ਇਹੋ ਜਿਹੇ ਹਾਲਤਾਂ ਵਿੱਚ ਸਦਨਾਂ, ਵਿਧਾਨ ਸਭਾਵਾਂ ਵਿੱਚ ਵਿਚਾਰ-ਚਰਚਾ ਦੇ ਪੱਧਰ ਡਿੱਗਣਾ ਸੁਭਾਵਿਕ ਮੰਨਿਆ ਜਾ ਰਿਹਾ ਹੈ।

ਪਾਰਲੀਮੈਂਟ ਵਿੱਚ ਇਹ ਘੱਟ ਹੀ ਵੇਖਣ ਨੂੰ ਮਿਲਦਾ ਹੈ ਕਿ ਵੱਖੋ ਵੱਖਰੀਆਂ ਮਨਿਸਟਰੀਆਂ ਵਲੋਂ ਪਾਸ ਕਰਾਉਣ ਵਾਲੀਆਂ ਗ੍ਰਾਂਟਾਂ ਬਿਨ੍ਹਾਂ ਕਿਸੇ ਬਹਿਸ ਦੇ ਪਾਸ ਕੀਤੀਆਂ ਜਾਣ। 13 ਮਾਰਚ, 2018 ਨੂੰ ਲੋਕ ਸਭਾ ਵਿੱਚ ਭਾਰਤੀ ਸਰਕਾਰ ਦੇ ਮੰਤਰਾਲਿਆਂ ਵਲੋਂ ਪੇਸ਼ 99 ਮੰਗਾਂ, ਦੋ ਮਹੱਤਵਪੂਰਨ ਬਿੱਲ ਅਤੇ 218 ਸੋਧਾਂ ਅੱਧੇ ਘੰਟੇ ਵਿੱਚ ਪਾਸ ਕਰ ਦਿੱਤੇ ਗਏ। ਵਿਰੋਧੀ ਧਿਰ ਦੇ ਵਿਰੋਧ ਦੇ ਬਾਵਜੂਦ ਲੋਕ ਸਭਾ ਦੀ ਸਪੀਕਰ ਸੁਮਿਤਰਾ ਮਹਾਜਨ ਨੇ, ਜਿਸਨੂੰ ਭਾਜਪਾ ਕੰਟਰੋਲ ਕਰਦੀ ਹੈ, ਪਾਰਲੀਮਾਨੀ ਕਾਇਦਾ ਕਾਨੂੰਨ ਜਿਸਨੂੰ "ਗਿਲੋਟਿਨ" ਕਿਹਾ ਜਾਂਦਾ ਹੈ, ਵਰਤਕੇ ਇਹ ਵਜਾਰਤੀ ਮੰਗਾਂ ਪਾਸ ਕਰ ਦਿੱਤੀਆਂ, ਕਿਉਂਕਿ ਖਾਸ ਤੌਰ ਤੇ ਪਿਛਲੇ ਅੱਠ ਦਿਨ ਤੋਂ ਲੋਕ ਸਭਾ 'ਚ ਰੌਲੇ-ਰੱਪੇ ਕਾਰਨ ਕੋਈ ਕੰਮ ਹੀ ਨਹੀਂ ਸੀ ਹੋ ਸਕਿਆ। ਪਿਛਲੇ 18 ਸਾਲ ਵਿੱਚ 2013 'ਚ ਇਸੇ ਸਰਕਾਰ ਨੇ ਅਤੇ 2004 ਵਿੱਚ ਐਨ ਡੀ ਏ ਸਰਕਾਰ ਨੇ "ਗਿਲੋਟਿਨ" ਦੀ ਵਰਤੋਂ ਸਪੀਕਰ ਤੋਂ ਕਰਵਾਈ ਸੀ। ਗਿਲੋਟਿਨ ਰਾਹੀਂ ਪਾਸ ਕੀਤੀਆਂ ਮੰਗਾਂ ਵਿੱਚ ਪਾਰਲੀਮੈਂਟ ਦੇ ਮੈਂਬਰਾਂ ਦੀ ਤਨਖਾਹ 55000 ਰੁਪਏ ਮਹੀਨਾ ਤੋਂ 1,27,000ਰੁਪਏ ਕਰਨਾ ਵੀ ਸ਼ਾਮਲ ਹੈ। ਬਿਨ੍ਹਾਂ ਬਹਿਸ ਪਾਸ ਹੋਈਆਂ ਇਹਨਾ ਵਜ਼ਾਰਤੀ ਮੰਗਾਂ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ (ਜਿਸ ਵਿੱਚ 2022 ਤੱਕ ਸਭਨਾ ਲਈ ਘਰ ਦੇਣ ਦਾ ਮਿਸ਼ਨ ਹੈ) ਮਗਨਰੇਗਾ ਵਿੱਚ 9 ਫੀਸਦੀ, ਸਵੱਛ ਭਾਰਤ ਮਿਸ਼ਨ 'ਚ 7 ਫੀਸਦੀ, ਰਾਸ਼ਟਰੀ ਸਿਹਤ ਮਿਸ਼ਨ 'ਚ 2.1 ਫੀਸਦੀ ਕਟੌਤੀ ਕਰ ਦਿੱਤੀ ਗਈ। ਅਚੰਭੇ ਵਾਲੀ ਗੱਲ ਤਾਂ ਇਹ ਵੀ ਹੈ ਕਿ ਬਿਨ੍ਹਾਂ ਬਹਿਸ ਪਿਛਲੇ 42 ਸਾਲਾਂ 'ਚ ਪਹਿਲੀ ਵੇਰੇ ਐਫ ਸੀ ਆਰ ਏ ਐਕਟ 5 ਅਗਸਤ 1976 ਵਿੱਚ ਸਿਧ ਕਰਕੇ ਸਿਆਸੀ ਪਾਰਟੀਆਂ ਨੂੰ ਵਿਦੇਸ਼ੀ ਫੰਡ ਲੈਣ ਦੀ ਇਸ ਢੰਗ ਦੀ ਪ੍ਰਵਾਨਗੀ ਮਿਲੀ ਕਿ ਅਦਾਲਤਾਂ ਵਿੱਚ ਵੀ ਇਸਦੀ ਸੁਣਵਾਈ ਨਹੀਂ ਹੋ ਸਕੇਗੀ।

ਲੋਕਤੰਤਰ ਵਿੱਚ ਵਿਚਾਰ ਚਰਚਾ ਦਾ ਅਹਿਮ ਸਥਾਨ ਹੈ। ਜੇਕਰ ਬਹਿਸ ਹੀ ਨਾ ਰਹੀ, ਵਿਚਾਰਾਂ ਦਾ ਆਪਸੀ ਅਦਾਨ-ਪ੍ਰਦਾਨ ਹੀ ਖਤਮ ਹੋ ਗਿਆ ਤਾਂ ਫਿਰ ਇਕੋ ਕਿਸਮ ਦੇ ਵਿਚਾਰਾਂ ਦਾ ਲਾਗੂ ਹੋਣਾ ਸੁਭਾਵਿਕ ਹੋ ਜਾਏਗਾ, ਭਾਰਤੀ ਲੋਕਤੰਤਰ ਦੇ ਤਿੰਨੋ ਥੰਮ ਕਾਰਜ ਪਾਲਿਕਾ, ਨਿਆ ਪਾਲਿਕਾ, ਵਿਧਾਨ ਪਾਲਿਕਾ ਦੀ ਕਾਰਜਸ਼ੈਲੀ 'ਚ ਅਜੀਬ ਕਿਸਮ ਦੇ ਬਦਲਾਅ ਵੇਖਣ ਨੂੰ ਮਿਲ ਰਹੇ ਹਨ, ਜਿਹੜੇ ਆਮ ਲੋਕਾਂ 'ਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਲੋਕਤੰਤਰ ਦੀ ਅਸਲੀ ਭਾਵਨਾ ਵਿਰੁੱਧ ਇਹਨਾ ਥੰਮਾਂ ਨੂੰ ਖੋਰਾ ਲੱਗਦਾ ਦਿਸ ਰਿਹਾ ਹੈ। ਭਾਵੇਂ ਉਪਰੋਂ-ਉਪਰੋਂ ਸਰਕਾਰ, ਲੋਕਾਂ ਲਈ, ਲੋਕਾਂ ਦੁਆਰਾ ਬਣਾਈ ਲੱਗਦੀ ਹੈ। ਦੇਸ਼ ਭਾਰਤ, ਦੁਨੀਆਂ ਦਾ ਵੱਡਾ ਲੋਕਤੰਤਰ ਵੀ ਜਾਪਦਾ ਹੈ, ਪਰ ਲੋਕਤੰਤਰ ਵਾਂਗਰ ਚਲਦਾ ਨਜ਼ਰ ਨਹੀਂ ਆ ਰਿਹਾ। ਸਿਆਸੀ ਗਲਬੇ ਨੇ ਸਮਾਜਿਕ ਅਤੇ ਆਰਥਿਕ ਲੋਕਤੰਤਰ ਨੂੰ ਡੂੰਘੀ ਸੱਟ ਮਾਰੀ ਹੈ। ਇਹ ਸਿਆਸੀ ਗਲਬਾ ਅਤੇ ਸਿਆਸੀ ਆਪਹੁਦਰਾਪਨ ਦੇਸ਼ ਲਈ ਘਾਤਕ ਸਿੱਧ ਹੋ ਰਿਹਾ ਹੈ। ਸੰਵਾਦ, ਵਿਚਾਰ-ਚਰਚਾ, ਮਿਲ ਬੈਠ ਮਸਲਿਆਂ ਦੇ ਹੱਲ ਬਿਨ੍ਹਾਂ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਰਾਹਤ ਨਹੀਂ ਮਿਲ ਸਕਦੀ। ਜੇਕਰ ਸਾਡੇ ਨੇਤਾ ਨਹੀਂ, ਤਾਂ ਕੀ ਆਮ ਲੋਕ, ਸਿਰ ਜੋੜ ਬੈਠਕੇ, ਆਪੇ ਹੀ, ਆਪਣੇ ਮਸਲਿਆਂ ਦਾ ਹੱਲ ਨਹੀਂ ਲੱਭ ਸਕਦੇ?

# ਲੈਨਿਨ, ਅੰਬੇਦਕਰ ਅਤੇ ਪੇਰਿਆਰ

**ਮੂਲ ਲੇਖਕ:- ਸੁਭਾਸ਼ਿਨੀ ਸਹਿਗਲ ਅਲੀ**
**ਪੰਜਾਬੀ ਰੂਪ:- ਗੁਰਮੀਤ ਪਾਲਹੀ**

ਤ੍ਰਿਪੁਰਾ ਚੋਣਾਂ ਦੇ ਨਤੀਜੇ ਨਿਕਲਣ ਦੇ ਦੂਜੇ ਦਿਨ ਮੂਰਤੀਆਂ ਤੋੜਨ ਦੀ ਮੁਹਿੰਮ ਸ਼ੁਰੂ ਹੋ ਗਈ ਅਤੇ ਤਿੰਨ ਦਿਨ ਵਿੱਚ ਤਿੰਨ ਮਹਾਂਪੁਰਖਾਂ-ਲੈਨਿਨ, ਅੰਬੇਦਕਰ ਅਤੇ ਪੇਰਿਆਰ ਦੀਆਂ ਮੂਰਤੀਆਂ ਤੋੜ ਦਿੱਤੀਆਂ ਗਈਆਂ। ਇਹਨਾ ਤਿੰਨਾਂ ਵਿਅਕਤੀਆਂ ਨੂੰ ਇੱਕ ਸੂਤਰ ਵਿੱਚ ਬੰਨਣ ਵਾਲੀ ਗੱਲ, ਬਰਾਬਰੀ ਪ੍ਰਤੀ ਉਹਨਾ ਦੀ ਨਿਸ਼ਠਾ ਹੈ, ਜਿਸ ਵਿੱਚ ਔਰਤਾਂ ਦੀ ਬਰਾਬਰੀ ਵੀ ਸ਼ਾਮਿਲ ਹੈ। ਲੈਨਿਨ ਨੇ ਔਰਤਾਂ ਨੂੰ ਮੁਕਤੀ ਦੇ ਸਵਾਲ ਨੂੰ ਨਿੱਜੀ ਜਾਇਦਾਦ ਦੇ ਖਾਤਮੇ ਨਾਲ ਜੋੜਕੇ ਦੇਖਿਆ ਅਤੇ ਰੂਸੀ ਕਰਾਂਤੀ ਦੇ ਤੁਰੰਤ ਬਾਅਦ ਸਾਰੀਆਂ ਦਿੱਕਤਾਂ ਦੇ ਬਾਵਜੂਦ ਉਹਦੀ ਸਰਕਾਰ ਨੇ ਔਰਤਾਂ ਦੀ ਆਜ਼ਾਦੀ ਨੂੰ ਲੱਗੀਆਂ ਬੇੜੀਆਂ ਨੂੰ ਤੋੜਨਾ ਸ਼ੁਰੂ ਕੀਤਾ।

ਦੁਨੀਆਂ ਵਿੱਚ ਪਹਿਲੀ ਵੇਰ ਔਰਤਾਂ ਨੂੰ ਵੋਟ ਦਾ ਹੱਕ ਦੇਣ ਤੇ ਜਾਇਦਾਦ ਵਿੱਚ ਬਰਾਬਰੀ ਦਾ ਹੱਕ ਮਿਲਿਆ। ਵਿਆਹ ਅਤੇ ਤਲਾਕ ਦੋਨਾਂ ਨੂੰ ਸੌਖੇ ਬਣਾ ਦਿੱਤਾ ਗਿਆ। ਔਰਤਾਂ ਨੂੰ ਸਿੱਖਿਆ ਅਤੇ ਕੰਮ ਦਾ, ਗਰਭਪਾਤ ਦਾ, ਜ਼ਮੀਨ ਦੀ ਮਾਲਕਿਨ ਬਨਣ ਅਤੇ ਪਰਿਵਾਰ ਦੀ ਮੁੱਖੀ ਬਨਣਾ ਦਾ ਹੱਕ ਮਿਲਿਆ। ਸਾਰਿਆਂ ਲਈ ਸਿਹਤ ਸੇਵਾਵਾਂ ਮੁਫ਼ਤ ਕਰ ਦਿੱਤੀਆਂ ਗਈਆਂ।

ਰਾਜ ਨੂੰ ਚਰਚਾ (ਧਾਰਮਿਕ ਸੱਤਾ) ਤੋਂ ਅੱਲਗ ਕਰਕੇ ਵਿਆਹ ਅਤੇ ਪਰਿਵਾਰ ਕਾਨੂੰਨ ਨੂੰ ਧਾਰਮਿਕ ਤਾਕਤਾਂ ਦੇ ਪ੍ਰਭਾਵ ਤੋਂ ਮੁਕਤ ਕਰ ਦਿੱਤਾ ਗਿਆ। ਸਾਰੇ ਵਿਅਕਤੀ ਪੂੰਜੀਵਾਦੀ ਦੇਸ਼ਾਂ ਨੇ ਸੋਵੀਅਤ ਰੂਸ ਦੀ ਦੇਖਾ-ਦੇਖੀ, ਆਪੋ-ਆਪਣੇ ਦੇਸ਼ਾਂ ਵਿੱਚ ਔਰਤਾਂ ਦੇ ਹੱਕਾਂ ਦੇ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ।

ਡਾ: ਅੰਬੇਦਕਰ ਦੇ ਬਾਰੇ ਵਿੱਚ ਅਸੀਂ ਕਾਫੀ ਕੁਝ ਜਾਣਦੇ ਹਾਂ, ਪਰ ਔਰਤਾਂ ਦੇ ਪ੍ਰਤੀ ਉਹਨਾ ਦੀ ਸੋਚ ਉਤੇ ਬਹੁਤ ਘੱਟ ਵਿਚਾਰ-ਚਰਚਾ ਕਰਦੇ ਹਾਂ। ਬਰਾਬਰੀ ਦੀ ਆਪਣੀ ਮੁਹਿੰਮ ਵਿੱਚ ਉਹਨਾ ਨੇ ਅਖਬਾਰਾਂ ਦੀ ਪ੍ਰਕਾਸ਼ਨਾ ਸ਼ੁਰੂ ਕੀਤੀ, ਜਿਸ ਵਿੱਚ ਔਰਤਾਂ ਦੀਆਂ ਸਮੱਸਿਆਵਾਂ, ਲੈਗਿੰਕ ਸਮਾਨਤਾ ਅਤੇ ਔਰਤਾਂ ਦੀ ਸਿੱਖਿਆ ਉਤੇ ਜ਼ੋਰ ਦਿੱਤਾ। ਉਹਨਾ ਲਈ ਔਰਤਾਂ ਪ੍ਰਤੀ ਜਾਇਦਾਦ ਦਾ ਹੱਕ ਅਤੇ ਸਿਆਸਤ ਵਿੱਚ ਹਿੱਸੇਦਾਰੀ ਜ਼ਰੂਰੀ ਸੀ। ਜੁਲਾਈ 1928 ਵਿੱਚ ਮੁੰਬਈ ਦੀ ਵਿਧਾਨ ਸਭਾ ਵਿੱਚ ਔਰਤ ਮਜ਼ਦੂਰਾਂ ਦੇ ਲਈ ਅੰਬੇਦਕਰ ਨੇ ਦੇਸ਼ ਵਿੱਚ ਪਹਿਲੀ ਵੇਰ ਇਸਤਰੀ ਸ਼ਕਤੀ ਕਲਿਆਣ ਕਾਨੂੰਨ ਪਾਸ ਕਰਵਾਇਆ। ਉਹਨਾ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਬੱਚੇ ਦੇ ਜਨਮ ਦੇਣ ਦੇ ਬਾਦ ਮਾਂ ਨੂੰ ਆਰਾਮ ਦੀ ਲੋੜ ਹੁੰਦੀ ਹੈ। ਵਾਇਸਰਾਏ ਕਾਊਂਸਲ ਦੇ ਕ੍ਰਿਤ ਮੰਤਰੀ ਦੀ ਹੈਸੀਅਤ ਵਿੱਚ ਉਹਨਾ ਨੇ ਖਾਣਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੇ ਲਈ ਇਹ ਕਾਨੂੰਨ ਬਣਾਇਆ, ਜਿਸਦਾ ਲਾਭ 1961 ਵਿੱਚ ਸਾਰੀਆਂ ਔਰਤ ਮਜ਼ਦੂਰਾਂ ਨੂੰ ਮਿਲਿਆ।

ਕਾਨੂੰਨ ਮੰਤਰੀ ਬਨਣ ਦੇ ਬਾਅਦ ਅੰਬੇਦਕਰ ਨੇ ਸਭ ਤੋਂ ਮਹੱਤਵਪੂਰਨ ਕੰਮ ਹਿੰਦੂ ਔਰਤਾਂ ਉਤੇ ਲਾਗੂ ਤਰ੍ਹਾਂ-ਤਰ੍ਹਾਂ ਦੇ ਬੇਇਸਨਾਫੀ ਭਰਪੂਰ ਨਿਯਮਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਕੇ ਕੀਤਾ। ਹਿੰਦੂ ਕੋਡ ਤਿਆਰ ਕਰਕੇ ਉਹਨਾ ਨੇ ਹਿੰਦੂ ਔਰਤਾਂ ਨੂੰ ਜਾਇਦਾਦ, ਵਿਰਾਸਤ ਅਤੇ ਵਿਆਹ ਨਾਲ ਸਬੰਧਤ ਖੇਤਰ ਵਿੱਚ ਬਰਾਬਰੀ ਦੇਣ ਦੀ ਕੋਸ਼ਿਸ਼ ਕੀਤੀ। ਇਸਦੇ ਲਈ ਉਹਨਾ ਨੂੰ ਜਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਚ ਜਾਤੀ ਸਮਾਜ ਇਹਨਾ ਕਾਨੂੰਨਾਂ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ। ਬ੍ਰਾਹਮਣ ਵਾਦੀ ਤਾਕਤਾਂ, ਜਿਸ ਵਿੱਚ ਪਹਿਲੇ ਰਾਸ਼ਟਰਪਤੀ ਰਾਜੇਂਦਰ ਬਾਬੂ ਵੀ ਸ਼ਾਮਲ ਸਨ, ਹਿੰਦੂ ਕੋਡ ਬਿਲ ਦਾ ਰਸਤਾ ਰੋਕਣ ਲਈ ਖੜੀਆਂ ਹੋ ਗਈਆਂ ਸਨ। ਪਰ ਅਖੀਰ 'ਚ ਅੰਬੇਦਕਰ ਨੂੰ ਅਸਤੀਫ ਦੇਣਾ ਪਿਆ।

ਪੇਰਿਵਾਰ ਨੂੰ ਮਨੂੰਵਾਦੀ ਲੋਕ ਨਫ਼ਰਤ ਕਰਦੇ ਸਨ। ਪੇਰਿਆਰ ਬ੍ਰਾਹਮਣ ਵਾਦ, ਹਿੰਦੂ-ਧਰਮ ਵਿੱਚ ਮੌਜੂਦ ਕਰਮਕਾਂਡ ਅਤੇ ਅੰਧ -ਭਗਤੀ ਅਤੇ ਬਾਲ ਵਿਆਹ ਦੇ ਜਬਰਦਸਤ ਵਿਰੋਧੀ ਸਨ। ਉਹ ਹਿੰਦੂ ਸਮਾਜ ਦੀਆਂ ਬੁਰਾਈਆਂ ਅਤੇ ਜਾਤੀ ਪ੍ਰਥਾ ਦੀ ਬੇਇਨਸਾਫੀ ਵਿਰੁੱਧ ਖੜੇ ਹੋਏ। ਉਹਨਾ ਨੇ ਆਪਣੀ ਬੇਵਾਕ ਕਲਮ ਅਤੇ ਜ਼ੁਬਾਨ ਦੀ ਵਰਤੋਂ ਇੱਕ ਅੰਦੋਲਨ ਨੂੰ ਖੜਾ ਕਰਨ ਲਈ ਕੀਤੀ, ਜਿਸਦਾ ਸਿਆਸੀ ਪ੍ਰਭਾਵ ਤਾਮਿਲਨਾਡੂ ਵਿੱਚ ਅੱਜ ਤੱਕ ਵਿਖਾਈ ਦਿੰਦਾ ਹੈ। ਉਹਨਾ ਨੇ ਵਿਧਵਾ ਵਿਆਹ ਅਤੇ ਅੰਤਰਜਾਤੀ ਵਿਆਹ ਦਾ ਸਮਰਥਨ ਕੀਤਾ, ਦਾਨ-ਦਹੇਜ ਅਤੇ ਦੇਵਦਾਸੀ ਪ੍ਰਥਾ ਦਾ ਵਿਰੋਧ ਕੀਤਾ ਅਤੇ ਅੰਧ-ਭਗਤੀ ਦਾ ਖੰਡਨ ਕੀਤਾ। ਇਹ ਹੈਰਾਨੀਜਨਕ ਨਹੀਂ ਹੈ ਕਿ ਮਨੂੰਵਾਦੀ ਸੋਚ ਦੇ ਲੋਕ ਇਹਨਾ ਮਹਾਂ ਪੁਰਖਾਂ ਨਾਲ ਇੰਨੀ ਨਫ਼ਰਤ ਕਰਦੇ ਹਨ ਕਿ ਉਹਨਾ ਦੀਆਂ ਮੂਰਤੀਆਂ ਹੀ ਤੋੜ ਦੇ ਰਹੇ ਹਨ।

# ਕਣਕ-ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਦੀ ਖਰੀਦ ਬਾਰੇ ਨਵੀਂ ਨੀਤੀ ਛੇਤੀ

**ਨਵੀਂ ਦਿੱਲੀ-** ਖੇਤੀਬਾੜੀ ਮੰਤਰਾਲਾ ਜਲਦੀ ਹੀ ਇਕ ਨਵੀਂ ਨੀਤੀ ਤਿਆਰ ਕਰਨ ਲਈ ਕੈਬਨਿਟ ਨੋਟ ਤਿਆਰ ਕਰੇਗਾ ਤਾਂ ਕਿ ਕਣਕ ਤੇ ਜੀਰੀ ਤੋਂ ਇਲਾਵਾ ਹੋਰ ਫ਼ਸਲਾਂ ਦੀ ਘੱਟੋ ਘੱਟ ਸਹਾਇਕ ਕੀਮਤ ’ਤੇ ਸਰਕਾਰੀ ਖਰੀਦ ਲਈ ਰਾਜ ਸਰਕਾਰਾਂ ਤੇ ਪ੍ਰਾਈਵੇਟ ਫਰਮਾਂ ਨੂੰ ਸ਼ਾਮਲ ਕੀਤਾ ਜਾ ਸਕੇ। ਪ੍ਰਸਤਾਵਿਤ ਨੀਤੀ ਦਾ ਉਦੇਸ਼ ਜਿਣਸਾਂ ਦੀਆਂ ਕੀਮਤਾਂ ਘੱਟੋ-ਘੱਟ ਸਹਾਇਕ ਮੁੱਲ ਤੋਂ ਹੇਠਾਂ ਜਾਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਖਰੀਦ ਦਾ ਬੰਦੋਬਸਤ ਕੀਤਾ ਜਾ ਸਕੇ।

ਮੰਤਰਾਲੇ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਬਣੇ ਗ਼ੈਰ-ਰਸਮੀ ਗਰੁਪ ਅਤੇ ਰਾਜ ਸਰਕਾਰਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਤਿੰਨ ਮਾਡਲ -ਮਾਰਕੀਟ ਐ-ਸ਼ਿਓਰੈਂਸ ਸਕੀਮ, ਪ੍ਰਾਈਸ ਡੈਫੀਸਿਐਂਸੀ ਪ੍ਰੋਕਿਓਰਮੈਂਟ ਸਕੀਮ ਅਤੇ ਪ੍ਰਾਈਵੇਟ ਪ੍ਰੋਕਿਓਰਮੈਂਟ ਐਂਡ ਸਟਾਕਿਸਟਜ਼ ਸਕੀਮ ਸੁਝਾਏ ਹਨ। ਇਕ ਸੀਨੀਅਰ ਸਰਕਾਰੀ ਅਫ਼ਸਰ ਨੇ ਦੱਸਿਆ ਕਿ ਖੇਤੀਬਾੜੀ ਮੰਤਰਾਲਾ ਇਸ ਬਾਰੇ ਇਕ ਕੈਬਨਿਟ ਨੋਟ ਤਿਆਰ ਕਰ ਰਿਹਾ ਹੈ।

ਇਸ ਨੀਤੀ ਦਾ ਉਦੇਸ਼ ਰਾਜਾਂ ਨੂੰ ਜਿਣਸਾਂ ਦੀ ਖਰੀਦ ਦੇ ਕਿਸੇ ਮਾਡਲ ਨੂੰ ਅਪਣਾਉਣ ਦੀ ਖੁੱਲ੍ਹ ਦੇਣਾ ਹੈ। ਐਮਏਐਸ ਦੀ ਸੂਰਤ ਵਿੱਚ ਇਹ ਰਾਜ ਸਰਕਾਰ ਵੱਲੋਂ ਲਾਗੂ ਕੀਤੀ ਜਾਵੇਗੀ ਜੋ ਮੁਕਾਮੀ ਹਾਲਾਤ ਅਨੁਸਾਰ ਫ਼ੌਰੀ ਫ਼ੈਸਲੇ ਲੈ ਸਕੇਗੀ।

ਖਰੀਦ ਤੇ ਜਿਣਸ ਦੀ ਸਾਂਭ ਸੰਭਾਲ ਦਾ ਪੂਰਾ ਜ਼ਿੰਮਾ ਰਾਜ ਸਰਕਾਰ ਦਾ ਹੋਵੇਗਾ ਤੇ ਇਸ ਮੰਤਵ ਲਈ ਇਕ ਕੋਰਪਸ ਫ਼ੰਡ ਵੀ ਕਾਇਮ ਕੀਤਾ ਜਾਵੇਗਾ।

# ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿੱਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਨੇ



ਕੁਲਦੀਪ ਚੰਦ
91-94175-63054

ਭਾਰਤੀ ਸਮਾਜ ਵਿਚ ਦਲਿਤ ਤਬਕੇ ਦੇ ਲਈ ਰਿਜ਼ਰਵੇਸ਼ਨ ਸਭ ਨਾਲੋਂ ਵੱਧ ਝਗੜੇ ਦਾ ਮੁੱਦਾ ਹੈ। ਸ਼ਾਇਦ ਹੀ ਕੋਈ ਦੂਸਰਾ ਮੁੱਦਾ ਹੋਵੇ, ਜਿਸ 'ਤੇ ਐਨੀ ਵੱਧ ਬਹਿਸ ਹੁੰਦੀ ਹੋਵੇ। ਇਸ ਮੁੱਦੇ 'ਤੇ ਸਿਰਫ ਬਹਿਸ ਹੀ ਨਹੀਂ ਹੁੰਦੀ, ਬਲਕਿ ਇਹ ਦਲਿਤਾਂ ਅਤੇ ਉੱਚੀ ਜਾਤੀ ਵਾਲਿਆਂ ਦੇ ਵਿਚਾਲੇ ਨਫ਼ਰਤ ਅਤੇ ਤਣਾਅ ਦੀ ਵਜ੍ਹਾ ਵੀ ਹੈ।

ਇਹੋ ਜਿਹੀ ਹਾਲਤ ਦੋ ਕਾਰਨਾਂ ਤੋਂ ਪੈਦਾ ਹੁੰਦੀ ਹੈ। ਪਹਿਲਾ ਕਾਰਨ ਇਹ ਹੈ ਕਿ ਦਲਿਤ ਮੁਕਤੀ ਦੇ ਸਵਾਲ ਤੇ ਦਲਿਤਾਂ ਨੂੰ ਕਮਜ਼ੋਰ ਜਾਤੀਆਂ ਦੀ ਮੁਕਤੀ ਦੇ ਰੂਪ ਵਿਚ ਅਤੇ ਇਕ ਸਮਾਜਿਕ ਕ੍ਰਾਂਤੀ ਦੇ ਰੂਪ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ, ਜੋ ਭਾਰਤ ਅਤੇ ਲੋਕਤੰਤਰ ਦੀ ਮਹਾਨ ਸੇਵਾ ਹੈ।

ਦੂਸਰਾ ਕਾਰਨ ਇਹ ਹੈ ਕਿ ਵੋਟ ਦੀ ਰਾਜਨੀਤੀ ਨੇ ਇਸ ਨੂੰ ਜਾਤੀ ਰੰਗ ਦੇ ਕੇ ਦਲਿਤ ਬੇਨਾਮ ਉੱਚੀ ਜਾਤ ਦਾ ਮੁੱਦਾ ਬਣਾ ਦਿੱਤਾ। ਇਹੀ ਰਾਜਨੀਤੀ ਰਿਜ਼ਰਵੇਸ਼ਨ ਦੇ ਸਵਾਲ ਤੇ ਲੋਕਤੰਤਰਿਕ ਬਹਿਸ ਦੀ ਜਨਮਦਾਤਾ ਹੈ।

ਦਲਿਤ ਰਿਜ਼ਰਵੇਸ਼ਨ ਦੇ ਸਵਾਲ ਨੂੰ ਲੋਕਤੰਤਰਿਕ ਨਜ਼ਰੀਏ ਨਾਲ ਸਮਝਣ ਦੀ ਜ਼ਰੂਰਤ ਹੈ। ਕੀ ਹਜ਼ਾਰਾਂ ਸਾਲਾਂ ਤੋਂ ਬਰਾਬਰੀ ਦੇ ਹੱਕਾਂ ਅਤੇ ਹਰ ਪ੍ਰਕਾਰ ਦੀ ਆਜ਼ਾਦੀ ਤੋਂ ਦੂਰ ਕਰਕੇ ਰੱਖੀ ਗਈ ਦਲਿਤ ਜਾਤੀਆਂ ਦੀ ਮੁਕਤੀ ਸਰਕਾਰ ਦੀ ਮਦਦ ਦੇ ਬਿਨਾਂ ਮੁਮਕਿਨ ਹੋ ਸਕਦੀ ਸੀ? ਰਾਜ ਦੀ ਸਰਪ੍ਰਸਤੀ ਦੀ ਜ਼ਰੂਰਤ ਕਮਜ਼ੋਰ ਲੋਕਾਂ ਨੂੰ ਹੀ ਹੁੰਦੀ ਹੈ, ਪਰ ਇਸੇ ਗੱਲ ਦੇ ਆਧਾਰ 'ਤੇ ਅੱਜ ਰਿਜ਼ਰਵੇਸ਼ਨ ਵਿਰੋਧੀ ਲੋਕ ਗਰੀਬੀ ਦਾ ਸਵਾਲ ਉਠਾਉਂਦੇ ਹਨ ਅਤੇ ਜਾਤੀ ਦੇ ਆਧਾਰ 'ਤੇ ਦਲਿਤਾਂ ਦੇ ਰਿਜ਼ਰਵੇਸ਼ਨ ਦਾ ਵਿਰੋਧ ਕਰਦੇ ਹਨ।

ਯਕੀਨਨ, ਉਹ ਲੋਕ ਆਪਦੇ ਤਰਕ ਵਿਚ ਸਹੀ ਹਨ, ਪਰ ਇੱਥੇ ਇਸ ਗੱਲ ਨੂੰ ਭੁਲਾ ਦਿੱਤਾ ਜਾਂਦਾ ਹੈ ਕਿ ਦਲਿਤ ਜਾਤੀਆਂ ਗਰੀਬੀ ਦੀ ਵਜ੍ਹਾ ਨਾਲ ਬਰਾਬਰੀ ਦੇ ਹੱਕਾਂ ਅਤੇ ਸਹੂਲਤਾਂ ਤੋਂ ਦੂਰ ਨਹੀਂ ਸਨ। ਬਹੁਤ ਸਾਰੀਆਂ ਦਲਿਤ ਜਾਤੀਆਂ ਤਾਂ ਉਤਪਾਦਨ ਨਾਲ ਜੁੜੀਆਂ ਸਨ ਅਤੇ ਉਹਨਾਂ ਦੇ ਕੋਲ ਪੈਸਾ ਸੀ। ਉਹ ਲੋਕ ਪੈਸਾ ਦੇ ਕੇ ਪੜ੍ਹ ਸਕਦੇ ਸਨ, ਪਰ ਉਹਨਾਂ ਦੇ ਲਈ ਤਾਲੀਮ ਦੇ ਦਰਵਾਜ਼ੇ ਬੰਦ ਸਨ। ਉਨ੍ਹਾਂ ਦੀ ਐਨੀ ਹੈਸੀਅਤ ਸੀ ਕਿ ਉਹ ਸੋਨੇ ਦੇ ਗਹਿਣੇ ਖਰੀਦ ਸਕਦੇ ਸਨ ਅਤੇ ਆਪਣੇ ਪੱਕੇ ਘਰ ਬਣਾ ਸਕਦੇ ਸਨ, ਪਰ ਉਹਨਾਂ ਨੂੰ ਸਾਫ ਕੱਪੜੇ ਅਤੇ ਗਹਿਣੇ ਪਹਿਨਣ ਦੀ ਮਨਾਹੀ ਸੀ। ਪੱਕੇ ਘਰ ਬਣਾਉਣ ਦੀ ਮਨਾਹੀ ਸੀ। ਮੰਦਰਾਂ ਵਿਚ ਜਾਣ ਅਤੇ ਸੜਕਾਂ 'ਤੇ ਤੁਰਨ ਤੱਕ ਦੀ ਪਾਬੰਦੀ ਸੀ।

ਇੱਥੋਂ ਤੱਕ ਕਿ ਉਹਨਾਂ ਨੂੰ ਗੰਦੇ ਅਤੇ ਸਖ਼ਤ ਕੰਮ ਕਰਨ ਦੇ ਬਿਨਾਂ ਸਾਫ-ਸੁਥਰੇ ਅਤੇ ਇੱਜ਼ਤ ਵਾਲੇ ਕਾਰੋਬਾਰ ਕਰਨ ਦੀ ਵੀ ਆਜ਼ਾਦੀ ਨਹੀਂ ਸੀ। ਉਹ ਭਾਰਤੀ ਸਮਾਜ ਵਿਵਸਥਾ ਵਿਚ ਅਛੂਤ ਸਨ ਜਿਹਨਾਂ ਨੂੰ ਛੂਹਣਾ ਤਾਂ ਦੂਰ ਉੱਚੀ ਜਾਤੀ ਦੇ ਹਿੰਦੂ ਉਹਨਾਂ ਦੇ ਪਰਛਾਵੇਂ ਤੋਂ ਵੀ ਬਚ ਕੇ ਤੁਰਦੇ ਸਨ। ਉਹ ਭਾਰਤ ਦੇ ਇਹੋ ਜਿਹੇ ਸਪੂਤ ਸਨ, ਜੋ ਸਾਰਾ ਦਿਨ ਮਾਂ ਦੀ ਸਖ਼ਤ ਸੇਵਾ ਕਰਦੇ ਸਨ, ਪਰ ਮਾਂ ਦੀ ਮਮਤਾ ਦਾ ਹੱਥ ਉਨ੍ਹਾਂ ਦੇ ਸਿਰ 'ਤੇ ਨਹੀਂ ਸੀ। ਇਤਿਹਾਸ ਵਿਚ ਪਹਿਲੀ ਵਾਰ ਉਹਨਾਂ ਦੇ ਇਨਸਾਨੀ ਅਧਿਕਾਰਾਂ ਦੀ ਆਵਾਜ਼ ਡਾ. ਭੀਮ ਰਾਓ ਅੰਬੇਦਕਰ ਨੇ ਚੁੱਕੀ ਸੀ।

ਇਹ ਭਾਰਤ ਦੇ ਇਤਿਹਾਸ ਵਿਚ ਦਲਿਤ ਮੁਕਤੀ ਦੀ ਪਹਿਲੀ ਲੜਾਈ ਸੀ। ਇਹ ਦੇਸ਼ ਦੀ ਆਜ਼ਾਦੀ ਨਾਲੋਂ ਵੀ ਵੱਡੀ ਲੜਾਈ ਸੀ, ਕਿਉਂਕਿ ਇਹ ਦੇਸ਼ ਦੇ ਉਹਨਾਂ ਕਰੋੜਾਂ ਲੋਕਾਂ ਦੀ ਆਜ਼ਾਦੀ ਦੀ ਲੜਾਈ ਸੀ, ਜੋ ਹਜ਼ਾਰਾਂ ਸਾਲਾਂ ਤੋਂ ਆਜ਼ਾਦ ਇਨਸਾਨ ਹੋਣ ਦੀ ਬਜਾਏ ਗੁਲਾਮ ਬਣ ਕੇ ਜੀ ਰਹੇ ਸਨ। ਇਸੇ ਲੜਾਈ ਦੀ ਬਦੌਲਤ ਦਲਿਤਾਂ ਦੇ ਲਈ ਤਾਲੀਮ ਦੇ ਦਰਵਾਜ਼ੇ ਖੁੱਲ੍ਹੇ ਅਤੇ ਉਹਨਾਂ ਨੂੰ ਨੌਕਰੀਆਂ ਅਤੇ ਵਿਧਾਇਕਾਂ ਵਿਚ ਰਿਜ਼ਰਵੇਸ਼ਨ ਮਿਲਿਆ।

ਇਹ ਕਹਿਣਾ ਬਿਲਕੁਲ ਵੀ ਸਹੀ ਨਹੀਂ ਹੋਵੇਗਾ ਕਿ ਰਿਜ਼ਰਵੇਸ਼ਨ ਨਾਲ ਦਲਿਤਾਂ ਨੂੰ ਫਾਇਦਾ ਨਹੀਂ ਪਹੁੰਚਿਆ ਸੀ। ਜੋ ਦਲਿਤ ਜਾਤੀਆਂ ਨੀਵੇਂ ਤੋਂ ਨੀਵੇਂ ਤਬਕਿਆਂ ਵਿਚ ਸਨ, ਉਹਨਾਂ 'ਚੋਂ ਅੱਜ ਜੇਕਰ ਇਕ ਮਧਿਅਮ ਤਬਕਾ ਪੈਦਾ ਹੋਇਆ ਹੈ ਤਾਂ ਉਸ ਦੀ ਵਜ੍ਹਾ ਰਿਜ਼ਰਵੇਸ਼ਨ ਹੀ ਹੈ। ਅੱਜ ਉਹ ਸ਼ਾਸਨ ਤੋਂ ਲੈ ਕੇ ਪ੍ਰਸ਼ਾਸਨ ਤੱਕ ਹਰ ਖੇਤਰ ਵਿਚ ਆਪਣੀ ਮੌਜੂਦਗੀ ਦਰਜ ਕਰਾਉਂਦੇ ਹਨ। ਇਹ ਇਕ ਵੱਡੀ ਸਮਾਜਿਕ ਤਬਦੀਲੀ ਹੈ, ਜੋ ਰਿਜ਼ਰਵੇਸ਼ਨ ਦੀ ਵਜ੍ਹਾ ਨਾਲ ਹੀ ਇਸ ਦੇਸ਼ ਵਿਚ ਹੋਈ ਹੈ।

ਇੱਥੇ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਉਹਨਾਂ ਦੇ ਲਈ ਤਾਲੀਮ ਦੇ ਸਿਰਫ ਦਰਵਾਜ਼ੇ ਖੁੱਲ੍ਹੇ ਸਨ, ਸਾਰਾ ਕੁਝ ਮੁਫ਼ਤ ਨਹੀਂ ਸੀ। ਵਜ਼ੀਫਾ ਮਿਲਦਾ ਸੀ, ਜੋ ਬੜਾ ਤੁੱਛ ਸੀ। ਫੀਸ ਵੀ ਦੇਣੀ ਪੈਂਦੀ ਸੀ ਅਤੇ ਕਾਪੀਆਂ-ਕਿਤਾਬਾਂ ਵੀ ਖੁਦ ਹੀ ਮੁੱਲ ਲੈਣੀਆਂ ਪੈਂਦੀਆਂ ਸਨ ਪਰ ਸੱਚ ਇਹ ਹੈ ਕਿ ਵਜ਼ੀਫੇ ਨੇ ਦਲਿਤਾਂ ਦੀ ਪੜ੍ਹਾਈ ਲਿਖਾਈ ਵਿਚ ਕੋਈ ਭੂਮਿਕਾ ਨਹੀਂ ਨਿਭਾਈ ਸੀ। ਉਹਨਾਂ ਦੇ ਲਈ ਖਾਸ ਸਿਰਫ ਇਹ ਸੀ ਕਿ ਉਹ ਹੁਣ ਪੜ੍ਹ ਸਕਦੇ ਸਨ। ਪਰ ਉਸ ਵਕਤ ਫੀਸ ਦੇ 10-20 ਪੈਸੇ ਵੀ ਦੇਣ ਦੀ ਔਕਾਤ ਉਹਨਾਂ ਲੋਕਾਂ ਦੀ ਨਹੀਂ ਹੁੰਦੀ ਸੀ। ਇਸ ਲਈ ਕਾਫੀ ਸਾਰੇ ਬੱਚੇ ਤੀਸਰੀ-ਚੌਥੀ ਜਮਾਤ ਅਤੇ ਬਹੁਤਾ ਹੋਇਆ ਤਾਂ 8ਵੀਂ ਜਮਾਤ ਦੇ ਬਾਅਦ ਹੀ ਪੜ੍ਹਾਈ ਛੱਡ ਦਿੰਦੇ ਸਨ।

ਸਰਕਾਰ ਨੇ ਜੇਕਰ ਉਸ ਸਮੇਂ ਤਾਲੀਮ ਅਤੇ ਮੁਫ਼ਤ ਕਿਤਾਬਾਂ ਦਾ ਪ੍ਰਬੰਧ ਕੀਤਾ ਹੁੰਦਾ, ਤਾਂ ਦਲਿਤ ਸਮਾਜ ਦੀ ਪੜ੍ਹਾਈ- ਲਿਖਾਈ ਵਿਚ ਇਕ ਬਹੁਤ ਵੱਡੀ ਤਬਦੀਲੀ ਹੁੰਦੀ ਪਰ ਸਰਕਾਰ ਦਲਿਤਾਂ ਦੀ ਤਾਲੀਮ ਦੇ ਪ੍ਰਤੀ ਗੰਭੀਰ ਨਹੀਂ ਸੀ। ਇਸ ਸਭ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਜਿਸ ਸਕੂਲ ਵਿਚ ਮੇਰੀ ਪ੍ਰਾਇਮਰੀ ਪੜ੍ਹਾਈ ਹੋਈ, ਉਹ ਇਕ ਪੁਰਾਣੀ ਬਦਸੂਰਤ ਇਮਾਰਤ ਵਿਚ ਟਾਟਪੱਟੀਆਂ ਵਾਲਾ ਸਕੂਲ ਸੀ, ਜਿਸਨੂੰ ਨਗਰ ਪਾਲਿਕਾ ਚਲਾਉਂਦੀ ਸੀ।

ਇਹ ਇਮਾਰਤ ਜਦ ਹੋਰ ਵੀ ਬਦਹਾਲ ਹੁੰਦੀ ਗਈ, ਤਦ ਉਪਰਲੇ ਕਮਰੇ ਬੰਦ ਕਰ ਦਿੱਤੇ ਗਏ। ਜਮਾਤਾਂ ਵਿਹੜੇ ਵਿਚ ਲੱਗਣ ਲੱਗੀਆਂ। ਇੱਥੋਂ ਤੱਕ ਕਿ ਇਕ ਕਮਰੇ ਵਿਚ 2-2 ਜਮਾਤਾਂ ਦੇ ਬੱਚੇ ਬਿਠਾਏ ਜਾਣ ਲੱਗੇ ਸਨ। ਹੁਣ ਤਾਂ ਇੱਥੋਂ ਬਾਜ਼ਾਰ ਬਣਿਆ ਹੋਇਆ ਹੈ। ਸਕੂਲ ਪਤਾ ਨਹੀਂ ਕਿੱਥੇ ਚਲਾ ਗਿਆ?

ਉਤਰ ਪ੍ਰਦੇਸ਼ ਰਾਜ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਦੀ ਹਾਲਤ ਅੱਜ ਵੀ ਪਹਿਲਾਂ ਵਰਗੀ ਹੀ ਹੈ। ਪਰ ਇਹ ਤਾਂ ਸੱਚ ਹੈ ਕਿ ਜੇਕਰ ਇਹ ਸਕੂਲ ਵੀ ਨਾ ਖੁੱਲ੍ਹਦੇ, ਤਾਂ ਗਰੀਬ ਦਲਿਤ ਕੋਈ ਤਰੱਕੀ ਨਹੀਂ ਕਰ ਸਕਦੇ ਸਨ। ਮੇਰੇ ਲਈ ਇਹ ਸਿਆਸੀ ਮਾਮਲਾ ਹੈ ਪਰ ਹਾਂ, ਇਹ ਸੱਚ ਹੈ ਕਿ ਇਹ ਹੁਣ ਵੋਟ ਦੀ ਸਿਆਸਤ ਨਾਲ ਜੁੜ ਗਿਆ ਹੈ। ਹੋਰ ਕੋਈ ਵੀ ਪਾਰਟੀ ਇਸਦੇ ਵਿਰੋਧ ਵਿਚ ਨਹੀਂ ਆ ਸਕਦੀ। ਪਰ ਸਿਆਸਤ ਇਸ ਗੱਲ ਨੂੰ ਲੈ ਕੇ ਹੁੰਦੀ ਹੈ ਕਿ ਉਹਨਾਂ ਲੋਕਾਂ ਨੂੰ ਰਿਜ਼ਰਵੇਸ਼ਨ ਦੇ ਘੇਰੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ, ਜੋ ਇਸ ਦਾ ਲਗਾਤਾਰ ਫਾਇਦਾ ਲੈ ਰਹੇ ਹਨ ਜਾਂ ਹੁਣ ਜੋ ਐਨੇ ਰੱਜੇ ਪੁੱਜੇ ਹਨ ਕਿ ਉਹਨਾਂ ਦੀ ਗਿਣਤੀ ਇਕ ਖਾਸ ਤਬਕੇ ਵਿਚ ਹੋਣ ਲੱਗੀ ਹੈ।

ਉਹ ਅਮੀਰ ਹਨ ਅਤੇ ਆਪਣੇ ਬੱਚਿਆਂ ਨੂੰ ਵਧੀਆ ਅਤੇ ਉੱਚੀ ਤਾਲੀਮ ਦਿਵਾਉਣ ਦੀ ਹੈਸੀਅਤ ਰੱਖਦੇ ਹਨ। ਇਸ ਲਈ ਇਹ ਮੰਗ ਵੀ ਗਲਤ ਨਹੀਂ ਹੈ ਕਿ ਦੂਸਰੇ ਜ਼ਰੂਰਤਮੰਦ ਗਰੀਬ ਦਲਿਤਾਂ ਦੇ ਫਾਇਦੇ ਦੇ ਲਈ ਅਮੀਰ ਦਲਿਤ ਤਬਕੇ ਨੂੰ ਰਿਜ਼ਰਵੇਸ਼ਨ ਦੇ ਘੇਰੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ।

ਸਿਆਸੀ ਮਾਮਲਾ ਇਸ ਗੱਲ ਨੂੰ ਲੈ ਕੇ ਵੀ ਹੈ ਕਿ ਰਿਜ਼ਰਵੇਸ਼ਨ ਨੂੰ ਕਦੋਂ ਤੱਕ ਜਾਰੀ ਰੱਖਿਆ ਜਾਵੇ, ਜਦਕਿ ਨਿੱਜੀਕਰਨ ਦੀ ਵਜ੍ਹਾ ਨਾਲ ਸਰਕਾਰੀ ਇਲਾਕਿਆਂ ਵਿਚ ਨੌਕਰੀਆਂ ਲਗਾਤਾਰ ਘੱਟ ਹੁੰਦੀਆਂ ਜਾ ਰਹੀਆਂ ਹਨ, ਇਸ ਲਈ ਕੁਝ ਦਲਿਤ ਸੰਗਠਨ ਨਿੱਜੀ ਖੇਤਰ ਵਿਚ ਵੀ ਰਿਜ਼ਰਵੇਸ਼ਨ ਦੇ ਲਈ ਅੰਦੋਲਨ ਕਰ ਰਹੇ ਹਨ। ਨਿੱਜੀ ਖੇਤਰ ਵਾਲੇ ਇਸ ਦੇ ਵਿਰੋਧ ਵਿਚ ਇਸ ਲਈ ਹਨ ਕਿਉਂਕਿ ਉਹ ਦਲਿਤਾਂ ਨੂੰ ਨਾਕਾਬਲ ਮੰਨਣ ਦੀ ਆਪਣੀ ਅਮੀਰੀ ਸੋਚ ਨਾਲ ਪੀੜਤ ਹਨ।

ਹੁਣ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕੀ ਦਲਿਤ ਸਮਾਜ ਰਿਜ਼ਰਵੇਸ਼ਨ ਦੇ ਸਹਾਰੇ ਅੱਗੇ ਵਧੇਗਾ? ਮੌਜੂਦਾ ਦਲਿਤ ਰਾਜਨੀਤੀ ਅਤੇ ਸੰਗਠਨ ਇਸੇ ਵਿਚਾਰ ਨੂੰ ਲੈ ਕੇ ਚੱਲ ਰਹੇ ਹਨ।

ਪਰ ਇਹ ਰਿਜ਼ਰਵੇਸ਼ਨ ਹੁਣ ਦਲਿਤ ਜਾਤੀਆਂ ਦੇ ਉਹਨਾਂ ਕਰੋੜਾਂ ਲੋਕਾਂ ਦੇ ਲਈ ਜੋ ਬੇਰੁਜ਼ਗਾਰ ਹਨ। ਗਰੀਬ ਅਤੇ ਪੜ੍ਹਾਈ-ਲਿਖਾਈ ਤੋਂ ਕੋਹਾਂ ਦੂਰ ਹਨ, ਕੋਈ ਅਰਥ ਨਹੀਂ ਰੱਖਦਾ ਹੈ ਕਿਉਂਕਿ ਰਿਜ਼ਰਵੇਸ਼ਨ ਦਾ ਲਾਭ ਲੈਣ ਦੇ ਲਈ ਪੜ੍ਹਾਈ-ਲਿਖਾਈ ਜ਼ਰੂਰੀ ਹੈ ਅਤੇ ਪੜ੍ਹਾਈ-ਲਿਖਾਈ ਦੇ ਸਾਰੇ ਸੰਸਥਾਨ ਵਧਦੀ ਮਹਿੰਗਾਈ ਅਤੇ ਨਿੱਜੀਕਰਨ ਦੀ ਵਜ੍ਹਾ ਨਾਲ ਗਰੀਬ ਦਲਿਤਾਂ ਦੀ ਪਹੁੰਚ ਤੋਂ ਦੂਰ ਹੁੰਦੇ ਜਾ ਰਹੇ ਹਨ।

ਮਿੱਡ ਡੇ ਮੀਲ ਅਤੇ ਮਨਰੇਗਾ ਜਿਹੀਆਂ ਯੋਜਨਾਵਾਂ ਦੇ ਜ਼ੋਰ 'ਤੇ ਉਹ ਆਪਣੇ ਬੱਚਿਆਂ ਦਾ ਭਵਿੱਖ ਨਹੀਂ ਬਣਾ ਸਕਦੇ, ਇਸ ਲਈ ਰਿਜ਼ਰਵੇਸ਼ਨ ਦੀ ਰਾਜਨੀਤੀ ਸਿਰਫ ਅਮੀਰ ਦਲਿਤ ਤਬਕੇ ਦੀ ਰਾਜਨੀਤੀ ਦੇ ਬਗੈਰ ਕੁਝ ਨਹੀਂ ਹੈ। ਬਿਹਤਰ ਤਾਂ ਇਹੀ ਹੋਵੇਗਾ ਕਿ ਭਾਰਤ 'ਚੋਂ ਜਾਤੀਵਾਦ ਖਤਮ ਹੋਵੇ ਅਤੇ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਲੋਕਾਂ ਨੂੰ ਤਾਲੀਮ ਅਤੇ ਨੌਕਰੀਆਂ ਦੇ ਬਰਾਬਰ ਮੌਕੇ ਮਿਲਣ, ਪਰ ਇਹ ਖਤਮ ਇਸ ਲਈ ਨਹੀਂ ਹੋ ਰਿਹਾ ਹੈ, ਕਿਉਂਕਿ ਜਿੱਥੇ ਇਸ ਨੂੰ ਧਰਮ ਅਤੇ ਜਾਤੀ ਦੀ ਰਾਜਨੀਤੀ ਪਾਲਪਲੋਸ ਰਹੀ ਹੈ, ਉਥੇ ਹਿੰਦੂ ਭਾਈਚਾਰਾ ਵੀ ਬ੍ਰਾਹਮਣਵਾਦ ਅਤੇ ਬ੍ਰਾਹਮਣ ਸ਼ਾਸਤਰਾਂ ਵਿਚ ਜਨਤਾ ਦੇ ਅੰਧ ਵਿਸ਼ਵਾਸ ਨੂੰ ਲਗਾਤਾਰ ਮਜ਼ਬੂਤ ਕਰ ਰਹੇ ਹਨ। ਸਾਡੇ ਲੋਕਤੰਤਰ ਵਿਚ ਅੱਜ ਵੀ ਇਹ ਇਕ ਬਹੁਤ ਵੱਡੀ ਸਮੱਸਿਆ ਹੈ ਕਿ ਬ੍ਰਾਹਮਣਵਾਦ ਦਾ ਖਾਤਮਾ ਕਿਵੇਂ ਹੋਵੇਗਾ? ਜਦ ਤੱਕ ਬ੍ਰਾਹਮਣਵਾਦ ਜਿੰਦਾ ਰਹੇਗਾ, ਉਦੋਂ ਤੱਕ ਦਲਿਤਾਂ ਦੇ ਪ੍ਰਤੀ ਹਿੰਦੂ ਸਮਾਜ ਦੀ ਨਫ਼ਰਤ ਮਿਟਣ ਵਾਲੀ ਨਹੀਂ ਹੈ ਅਤੇ ਰਿਜ਼ਰਵੇਸ਼ਨ ਇਕ ਸਿਆਸੀ ਮਾਮਲਾ ਬਣਿਆ ਰਹੇਗਾ।



**1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਕਰੋੜਾਂ ਅਛੂਤਾਂ ਵਾਂਗ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਡਾਕਟਰ ਅੰਬੇਡਕਰ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ। 25 ਦਸੰਬਰ, 1927 ਨੂੰ ਮਨੂੰ ਸਮ੍ਰਿਤੀ ਨੂੰ ਜਲਾਇਆ। ਉਨ੍ਹਾਂ ਨੇ 13 ਅਕਤੂਬਰ, 1935 ਨੂੰ ਐਲਾਨ ਕੀਤਾ ਸੀ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ।**

# "ਧੁੰਮਾਂ ਖਾਲਸਾ ਏਡ ਦੀਆਂ ਪੈਦੀਆਂ" ਗੀਤ ਨਾਲ ਚਰਚਾ ਵਿੱਚ - ਢਾਡੀ ਰਛਪਾਲ ਸਿੰਘ ਖੁਸ਼ਦਿਲ

ਗਾਉਣਾ ਕੋਈ ਕਲ੍ਹਾ ਨਹੀਂ ਬਲਕਿ ਪ੍ਰਮਾਤਮਾ ਵੱਲੋਂ ਮਿਲੀ ਓਹ ਬਖ਼ਸ਼ਿਸ਼ ਹੈ ਜੋ ਬੜੇ ਘੱਟ ਲੋਕਾਂ ਦੇ ਹਿੱਸੇ ਆਉਦੀ ਹੈ। ਜੇ ਦਿਲੋਂ ਗਾਇਆ ਜਾਇਆ ਜਾਵੇ ਤਾਂ ਇਹ ਇਬਾਦਤ ਬਣ ਜਾਂਦੀ ਹੈ।ਅੱਜ ਦੀ ਸ਼ੋਰ ਸ਼ਰਾਬੇ ਦੀ ਗਾਇਕੀ ਦੇ ਯੁਗ ਵਿੱਚ ਬੜੇ ਥੋੜੇ ਕਲਾਕਾਰ ਨੇ ਜੋ ਆਪਣੀ ਜ਼ਮੀਰ ਦੀ ਅਵਾਜ਼ ਸੁਣਕੇ ਸਾਡੇ ਵਿਰਸੇ, ਸਭਿਆਚਾਰ ਦੇ ਦਾਇਰੇ ਅੰਦਰ ਰਹਿਕੇ ਗਾਉਂਦੇ ਨੇ ਅਜਿਹੀ ਹੀ ਗਾਇਕੀ ਨੂੰ ਸਮਰਪਿਤ ਹੈ ਸੁਰੀਲਾ ਗਾਇਕ ਤੇ ਢਾਡੀ ਕਲਾਂ ਨੂੰ ਪਰਨਾਇਆ ਹੋਇਆ ਗਾਇਕ ਰਛਪਾਲ ਸਿੰਘ ਖੁਸ਼ਦਿਲ । ਲੁਧਿਆਣਾ ਦੇ ਕਸਬਾ ਮੁੱਲਾਂਪੁਰ ਦਾਖਾ ਦੇ ਜੰਮਪਲ ਸ. ਰਛਪਾਲ ਸਿੰਘ ਖੁਸ਼ਦਿਲ ਜਿਹੜੇ ਕਿ ਪਿਛਲੇ ਲੰਮੇ ਸਮੇ ਤੋਂ ਢਾਡੀ ਕਲਾ ਨਾਲ ਜੁੜੇ ਹੋਏ ਹਨ ਅਤੇ ਆਪਣੀ ਦਮਦਾਰ ਅਵਾਜ਼ ਰਾਹੀਂ ਪੰਜਾਬ-ਪੰਜਾਬੀਅਤ ਅਤੇ ਸਿੱਖ ਕੌਮ ਦੀ ਸੇਵਾ ਕਰ ਰਹੇ ਹਨ। ਭਾਈ ਸਾਹਿਬ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਇਹ ਕਲਾ ਇਹਨਾਂ ਨੂੰ ਆਪਣੇ ਪਿਤਾ ਸ. ਬੂਟਾ ਸਿੰਘ ਖੁਸ਼ਦਿਲ ਵੱਲੋਂ ਗੁੜ੍ਹਤੀ ਵਿੱਚ ਹੀ ਮਿਲੀ ਸੀ। ਕਿਉਕਿ ਸ. ਬੂਟਾ ਸਿੰਘ ਖੁਸ਼ਦਿਲ ਖੁਦ ਬੜੇ ਵਧੀਆ ਢਾਡੀ ਸਨ 'ਤੇ ਨਾਲ ਦੀ ਨਾਲ ਲੇਖਕ ਵੀ ਬਾਕਮਾਲ ਸਨ, ਉਹਨਾਂ ਤਕਰੀਬਨ ਢਾਈ ਤਿੰਨ ਸੌ ਪ੍ਰਸੰਗ ਲਿਖੇ ਜੋ ਵੱਖੋ ਵੱਖ ਢਾਡੀਆਂ ਨੇ ਗਾਏ।

ਢਾਡੀ ਰਛਪਾਲ ਸਿੰਘ ਉਸਤਾਦ ਸੁਖਨਰਿੰਜਣ ਸਿੰਘ ਸੁੰਮਣ ਨੂੰ ਆਪਣਾ ਗੁਰੂ ਮੰਨਦੇ ਹਨ 'ਤੇ ਉਨ੍ਹਾਂ ਦਾ ਮੰਨਣਾ ਹੈ ਕਿ ਉਸਤਾਦ ਸੁਖਨਰਿੰਜਨ ਸਿੰਘ ਦੇ ਸਾਥ ਨੇ ਉਨ੍ਹਾਂ ਦੀ ਢਾਡੀ ਕਲਾ ਨੂੰ ਹੋਰ ਨਿਖਾਰ ਦਿੱਤਾ। ਢਾਡੀ ਰਛਪਾਲ ਸਿੰਘ ਖੁਸ਼ਦਿਲ ਨੇ ਵੀ ਪੰਜਾਬ ਦੇ ਬਹੁਤ ਸਾਰੇ ਨਾਮੀ ਢਾਡੀਆਂ ਨਾਲ ਗਾਇਆ ਇਹਨਾਂ ਵਿੱਚ ਚਰਨ ਸਿੰਘ ਆਲਮਗੀਰ, ਸਰੂਪ ਸਿੰਘ ਕੰਡਿਆਣਾ ਅਤੇ ਜਤਿੰਦਰ ਸਿੰਘ ਨੂਰਪੁਰੀ ਦੇ ਨਾਮ ਜਿਕਰਯੋਗ ਹਨ। ਢਾਡੀ ਕਲ੍ਹਾ ਦੇ ਸਿਰਤੇ ਢਾਡੀ ਰਛਪਾਲ ਸਿੰਘ ਖੁਸ਼ਦਿਲ ਨੇ ਪੂਰੀ ਦੁਨੀਆਂ ਘੁੰਮੀ ਅਤੇ ਸੰਸਾਰਿਕ ਪ੍ਰਸਿੱਧੀ ਹਾਂਸਲ ਕੀਤੀ। ਅੱਜ-ਕੱਲ੍ਹ ਢਾਡੀ ਰਛਪਾਲ ਸਿੰਘ ਖੁਸ਼ਦਿਲ ਸੈਂਟਰਲ ਕੈਲੇਫੋਰਨੀਆਂ ਦੇ ਸਿਲਮਾ ਸ਼ਹਿਰ ਵਿੱਚ ਰਹਿਕੇ ਸਥਾਨਕ ਗੁਰਦਵਾਰਾ ਸਿੱਖ ਸੈਂਟਰ ਆਫ ਪੈਸੇਫਿਕ ਕੋਸਟ ਤੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ। ਢਾਡੀ ਰਛਪਾਲ ਸਿੰਘ ਖੁਸ਼ਦਿਲ ਦੀ ਅਵਾਜ਼ ਵਿੱਚ ਇੱਕ ਜਾਦੂ ਹੈ ਜੋ ਸੁਣਨ ਵਾਲੇ ਦਾ ਧਿਆਨ ਖਿੱਚਣ ਲਈ ਕਾਫ਼ੀ ਹੈ। ਪਿਛਲੇ ਦਿਨੀਂ ਭਾਈ ਰਛਪਾਲ ਸਿੰਘ ਨੇ ਖਾਲਸਾ ਏਡ ਦੇ ਸ. ਰਵੀ ਸਿੰਘ ਦੀ ਨਿਸ਼ਕਾਮ ਸੇਵਾ ਤੋਂ ਪ੍ਰਭਾਵਿਤ ਹੋਕੇ ਇੱਕ ਗੀਤ ਗਾਇਆ "ਧੁੰਮਾ ਖਾਲਸਾ ਏਡ ਦੀਆਂ ਪੈਂਦੀਆਂ, ਸਿੰਘ ਸਰਦਾਰ ਜਚਦੇ" ਜੋ ਕਿ ਬਹੁਤ ਮਕਬੂਲ ਹੋਇਆ। ਇਸ ਗੀਤ ਦੇ ਬੋਲ ਸ. ਹਰਦੀਪ ਸਿੰਘ ਗਿੱਦੜਵਿੰਡੀ ਨੇ ਲਿਖੇ ਹਨ। ਇਸ ਗੀਤ ਦਾ ਮਿਊਜ਼ਿਕ ਸਾਬੀ ਨੇ ਤਿਆਰ ਕੀਤਾ ਅਤੇ ਬਾਕਮਾਲ ਵੀਡੀਓ ਬਣਾਉਣ ਦਾ ਨਿਸ਼ਕਾਮ ਕੰਮ ਕ੍ਰਿਸ (ਸੀ ਮੈਕ ਸਟੂਡੀਓ)ਨੇ ਕੀਤਾ। ਗੀਤ ਦੀ ਰਿਕਾਰਡਿੰਗ ਪਿਰਾਮਿਡ ਸਟੂਡੀਓ ਵਾਲੇ ਜੈਰੀ ਨੇ ਜੀਅ ਜਾਨ ਨਾਲ ਕੀਤੀ। ਇਹ ਗੀਤ ਰਛਪਾਲ ਸਿੰਘ ਖੁਸ਼ਦਿਲ ਨੇ ਕੋਈ ਪੈਸੇ ਕਮਾਉਣ ਲਈ ਨਹੀਂ ਬਲਕਿ ਆਪਣੇ ਬਲਬੂਤੇ ਤੇ ਖਾਲਸਾ ਏਡ ਦੀਆਂ ਪ੍ਰਾਪਤੀਆਂ ਦੱਸਣ ਲਈ ਪੂਰੀ ਸ਼ਿੱਦਤ ਨਾਲ ਗਾਇਆ। ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਨ ਉਹਨਾਂ ਕਿਹਾ ਕਿ ਇਹ ਗੀਤ ਕਿਸੇ ਸੱਸੀ ਸੋਹਣੀ ਦੇ ਪਿਆਰ ਦੀ ਕਹਾਣੀ ਨਹੀਂ ਨਾਂ ਹੀ ਇਹ ਕੋਈ ਨੰਗੇਜ ਪਰਮੋਟ ਕਰਦਾ ਅਸ਼ਲੀਲ ਗੀਤ ਹੈ ਬਲਕਿ ਇਸ ਗੀਤ ਜਰੀਏ ਮੈਂ ਸਿੱਖ ਪੰਥ ਦੇ ਸੇਵਾਦਾਰ ਭਾਈ ਰਵੀ ਸਿੰਘ ਜੋ ਕਿ ਖਾਲਸਾ ਏਡ ਦੇ ਬੈਨਰ ਹੇਠ ਪੂਰੀ ਦੁਨੀਆਂ ਵਿੱਚ ਦੀਨ ਦੁੱਖੀ ਲਈ ਲੰਗਰ ਲਾਕੇ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ। ਉਹਨਾਂ ਦੀਆਂ ਸੇਵਾਵਾਂ ਦੀ ਸੇਵਾ ਲਈ ਇਹ ਗੀਤ ਗਾਇਆ ਹਨ ਕਿਉਕੇ ਭਾਈ ਰਵੀ ਸਿੰਘ ਸਹੀ ਸਿੱਖੀ ਦੇ ਸਿਧਾਂਤ "ਮਾਨਸੁ ਕੀ ਜਾਤ ਸਭੈ ਏਕੈ ਪਹਿਚਾਨਬੋ" ਤੇ ਚੱਲਦੇ ਬਿਨਾਂ ਕਿਸੇ ਭੇਦ ਭਾਵ ਦੇ ਐਸੀਆਂ ਖ਼ਤਰਨਾਕ ਥਾਂਵਾਂ ਤੇ ਜਾ ਲੰਗਰ ਲਾਉਂਦੇ ਹਨ ਜਿੱਥੇ ਆਮ ਬੰਦਾ ਚੰਗੇ ਭਲੇ ਟਾਇਮ ਜਾਣ ਤੋਂ ਥਰ-ਥਰਾਉਂਦਾ ਹੈ। ਭਾਈ ਰਛਪਾਲ ਸਿੰਘ ਨੇ ਸਮੂਹ ਮੀਡੀਏ ਦਾ ਇਹ ਗੀਤ ਪਰਮੋਟ ਕਰਨ ਲਈ ਸ਼ੁਕਰੀਆ ਅਦਾ ਕੀਤਾ ਅਤੇ ਉਹਨਾਂ ਕਿਹਾ ਗੁਰੂ ਸਾਹਿਬ ਦਾ ਸਿਰ ਤੇ ਹੱਥ ਰਹੇ ਮੈਂ ਇਸ ਤਰਾਂ ਦੇ ਗੀਤ ਲੈਕੇ ਪੰਜਾਬੀ ਮਾਂ ਬੋਲੀ ਦੇ ਵਿਹੜੇ ਹਾਜ਼ਰੀ ਲਵਾਉਂਦਾ ਰਹਾਂਗਾ।





ਪੱਤਰਕਾਰ ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-333-5776

## ਸ੍ਰੀ ਸੀ ਐਲ ਚੁੰਬਰ ਜੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ 'ਕੌਮੀ ਉਡਾਰੀਆਂ', ਜਲੰਧਰ 'ਚੋਂ ਧੰਨਵਾਦ ਸਹਿਤ

**ਮੰਡਲ ਕਮਿਸ਼ਨ ਸਮਰਥਨ ਸਮਿਤੀ**
**ਹੈਡ ਆਫਿਸ: ਬੂਟਾ ਮੰਡੀ, ਜਲੰਧਰ**

**ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ (ਓ. ਬੀ. ਸੀ.) ਦੀ ਸੂਚੀ**
**ਬੈਕਵਰਡ ਕਮਿਸ਼ਨ ਦੀ ਰਿਪੋਰਟ ਅੰਕ 202**

1. ਅਹੋਰੀਆ, ਅਹਰੀ, ਹੋਰੀ, ਨੈਕ ਠੋਰੀ, ਟੂਰੀ, 2. ਅਰਾਈਂ, 3. ਬਾਗਲ, ਬਟੋਲੀਆਂ, ਭਟ, ਡਾਂਗੀ, ਧਰਨੋ, ਹੀਰ, ਹਰਬੰਸੀਆ, ਜਲਾਰੀਆ, ਕੌਸਲ, ਮਨਾਡੀਆ, ਮਾਰਬੰਸੀਆ, ਮਸੌਨ, ਮਾਨੇਮ, ਮੇਹਤੋਂ, ਮੂਲੋ, ਨਾਗੀਆ, ਪਰਮਾਰ, ਸੰਗੁਤਵਾ, ਸਿਆਲ, ਠੁਨਾਲੀਆ, 4. ਬਾਗਰੀਆ, ਬਗਾਰੀਆ, 5. ਬੈਰਾਗੀ, ਬੇਰੋਗੀ, 6. ਬਰਾਈ, ਤਰਬੋਲੀ, ਤੰਬੋਲੀ, 7. ਬਾਰਵਾੜ, 8. ਬਟੋਰਾ, 9. ਬੋਰੀਆ, 10. ਬੈਰੇਰ, 11. ਬੇਟਾ, ਹੈਂਸੀ, ਹੈਸੀ, 12. ਭਰਭੂੰਜਾ ਭਰਭੁੱਜਾ, 13. ਭਾਰੀ ਰੋਡੇ, 14. ਭਾਟਰਾ, ਭਟ, ਦਰਪੀ, ਡਿਗਪਾਲ, ਰਾਮਈਆ, ਰਾਣਾ, ਰਾਠੌਰ, ਰਾਊ, ਸਵਾਲੀ, 15. ਭੂਹਾਲੀਆ, 16. ਭੂਰਾ- ਬਰਾਹਮਣ, 17. ਚਾਹੰਗ, 18. ਚੰਗੜ, 19. ਚੀਂਬੇ, ਬਾਟੂ, ਬਰਾਹ, ਛੀਂਬੇ, ਛਿਪੀ, ਚੀਂਬਾ, ਚੀਪਾ, ਦਰਜੀ, ਧਾਮੀ, ਜਸਲ, ਕਾਰੀਰ, ਕੈਂਥ, ਮਦਾਹਰ, ਪੁਰਬਾ, ਰੇਖਰੋਏ, ਸੱਪਲ, ਸਾਰਾਓ, ਸੀਰੀਆ, ਸਰਾਓ, ਟਾਂਕ, 20. ਚੀਰਥ (ਚਬੰਗ, ਬਾਹਰੀ), 21. ਚਿੜੀਮਾਰ, 22. ਦਈਆ, 23. ਡਕੌਂਟ ਡਾਹਕੋਟ, 24. ਡਾਓਲੀ, ਡਾਓਲਾ, 25. ਡੋਲਾ, ਸੋਨੀ, ਬਰਾਦਰੀ, 26. ਧੈਨਵਾਰ, 27. ਧੀਮਰ, ਧੀਵਰ, ਧੀਨਵਾਰ, ਝੀਵਰ, ਝੀਨਵਰ, ਕਹਾਰ, ਕਸ਼ਅਪ, ਰਾਜਪੂਤ, ਮਲਾਹ, 28. ਧੋਬੀ, ਕਾਸਬ, 29. ਢੋਸਾਲੀ, 30. ਡਰੌਣ, 31. ਫਕੀਰ, 32. ਗਡਰੀਆ, ਗਡਾਰੀਆ, 33. ਗਡੀ, ਗੁੱਡੀ,34 ਗਵਾਲਾ, ਗੋਵਾਲਾ,ਯਾਦਵ, ਯਾਦੁਵੰਸੀ, ਅਹੀਰ, ਗਵਾਰ, 35. ਘਈ, 36. ਘਾਸੀ, ਘਸਿਆਰਾ, ਘੋਸੀ, 37. ਗੋਡਰੀ,38. ਗੋਰਖਾ, 39. ਗੁੱਜਰ, ਭਮਲਾ, ਨੀਨਵਾਲੀਆ, ਠਾਕੁਰ, 40. ਗਵਾਰੀਆ, ਗੋਰੀਆ, ਗਵਾਰ, 41. ਹਰਨੀ, 42. ਜਟ (ਗੁਟਕਾ ਅਤੇ ਢਿੱਲੋਂ), 43. ਝਾਂਗੜਾ ਬਰਾਹਮਣ, ਖਾਤੀ, ਵਿਸ਼ਵਕਰਮਾ, 44. ਯੋਗੀ, ਨਾਥ, 45. ਜੁਲਾਹਾ, ਧਾਵਰ, ਧੁੰਨਾ, ਕਬੀਰ, ਪੰਥੀ (ਜੋ ਐਸ. ਸੀ. ਵਿਚ ਨਹੀਂ ਹਨ, 46. ਕੰਬੋਜ, ਬਾਲਾ, ਕੰਢੋਹ, ਮਾਸੌਕ, ਨਾਂਡੋ, ਥਾਂਡ, 47.ਕੰਜਰ, ਕੰਚਨ, 48. ਕੈਹਾਲ, 49. ਖੰਘੇੜਾ, 50. ਕੁਰਬੰਦ, ਕੁਛਬੰਦ, 51. ਕੁਮਹਾਰ, ਅਹੀਤਾ, ਘੁਮਾਰ, ਘੁਮਾਰ, ਹੰਸਨਵਾਲ, ਜੋਪਾ, ਕੀਰ, ਲੰਗੋਤਰਾ, ਲੈਹਰੀ, ਨੜੀਆ, ਪਰਜਾਪਤ, ਸਾਨਮਰੇ, ਸੋਹਲ, ਤਾਲੋਫੈਲ, ਜਾਲਫ, 52. ਕੁਰਮੀ, 53. ਲਖੇਰਾ, ਕਨੀਹਾਰ, ਮਨੀਹਾਰ, 54. ਲੰਬਾਨਾ, ਭਗਤਾਵਾ, ਘੋਤਰਾ, ਕਾਕਨੀਆ, ਖਸਰੀਆ, ਲਬਾਣਾ, ਲੋਬਾਣਾ, ਵਨਜਾਰਾ, ਲਾਵਾਨਾ, ਪੈਲੀਆ, 55. ਲੋਹਾਰ, ਬਖੋਨ, ਬਾਮਸਾ, ਭਟੀ, ਭੂਹੀ, ਬਿਰਦੀ, ਚਾਨਾ ਝੀਤਾ, ਲੁਹਾਰ, ਫੁਲ, ਰੂਪਰਾ, ਸੰਧੂ, ਸੈਹਮੀ, ਵਿਰਦੀ, 56. ਮਦਾਰੀ, 57. ਮਹਾਸਾ, ਬਾਜਗਲ, ਸਾਹੁੰਤਾ, 58. ਮਹਾਤਮ, 59. ਮੀਨਾ, ਮਿਨਾ, 60. ਮੈਵਾਤੀ, 61. ਮਿਰਾਸੀ, 62. ਮੋਚੀ (ਜੋ ਐਸ.ਸੀ. ਵਿਚ ਨਹੀਂ ਹਨ), 63. ਨਾਈ, ਬਨਵਾਰ, ਢਨਵਾਲ, ਢਾਰੀ, ਘੰਗਾਸ, ਘੀਰੀ, ਹਜ਼ਾਮ, ਹੱਜਮ, ਹਿਰਗੁਣ, ਜਲਾਂ, ਲੇਖਾ, ਨਾਗੀ, ਨਾਈ ਸਿੱਖ, ਪਾਲਨ, ਪਾਂਜੂ ਪਤਾਰਾ, ਰਾਜਾ, 64. ਨਾਲਲੰਦ, 65. ਨਾਰ, 66. ਨਵ-ਬੁਧਿਸਟ, ਨੀਓ ਬੁਧਿਸਟ, 67. ਨੂੰਗਰ, ਨੰਗਰ, 68. ਪਾਖੀਵਾੜਾ, 69. ਪਿੰਜਾ, ਪੈਂਜਾ, 70. ਹਰਥੰਦ, ਰੈਚਬੰਦ, 71. ਰਾਏ ਸਿੱਖ, 72. ਰਾਮਗੜ੍ਹੀਆ, ਬਿਮਰਾ, ਬਰੜ, ਬੁਮਰਾਲ, ਚੰਨ, ਧੀਮਾਨ, ਕਲਸੀ, ਮਠਾਰੂ,ਮੱਰਵੇ, ਰਾਮਗੜ੍ਹੀਆ, ਸੱਗੂ, ਸਹੋਤਾ, ਸਾਨ, ਸਰਨ, ਤਰਖਾਨ, 73. ਰਾਏਗਰ, 74. ਰਿਹਾਰ, ਰੇਹਾਰ, ਰੇਹਾਰੇ, 75. ਸੈਣੀ, 76. ਸ਼ੋਰਗੀਰ, 77. ਸਿੰਘੀਕਟ, ਸਿੰਘੀਵਾਲਾ, 78. ਸੋਈ, 79. ਸੁਨਾਰ, ਅਸ਼ਤਾਤ, ਭੱਟੀ, ਧੂਮੈ,ਜੂਗੇ, ਕਾਂਡੇ, ਕਾਰਵਾਰ, ਸੀਨ, ਸੁਨਿਆਰਾ, ਸੁਰ, ਸਵਰਨਕਾਰ, 80. ਟਾਸਾ, 81. ਤੇਲੀ, 82. ਠਠੇਰਾ, ਤਮੇਰਾ, 83. ਅਨੁਸੂਚਿਤ ਜਾਤੀਆਂ ਤੋਂ ਬਣੇ ਇਸਾਈ।

# ਭਾਈਚਾਰਕ ਸਾਂਝ ਅਤੇ ਵਿਸਾਖੀ ਦੇ ਰੰਗ



ਕੇਹਰ ਸ਼ਰੀਫ
+49 173 3546050

ਹਰ ਦੇਸ਼ ਵਿਚ ਵਿਰਾਸਤ ਨਾਲ ਜੁੜੇ ਦਿਹਾੜੇ ਜਾਂ ਮੇਲੇ ਉਸਦੀ ਸੱਭਿਆਚਾਰਕ ਪਹਿਚਾਣ ਅਤੇ ਤੋਰ ਦੇ ਉਭਰਦੇ ਅੰਗ ਬਣਦੇ ਹਨ। ਵਿਸਾਖੀ ਪੰਜਾਬੀਆਂ ਵਾਸਤੇ ਲੋਕ ਜੀਵਨ ਨਾਲ ਜੁੜਿਆ ਨੇੜਵਾਂ ਸੱਚ ਹੈ। ਇਹ ਸਦੀਆਂ ਪੁਰਾਣੀ ਰੀਤ ਹੈ, ਸਾਂਝ ਭਰੇ ਜੀਵਨ ਦੀ ਝਲਕ ਹੈ, ਮੋਹ-ਮੁਹੱਬਤ ਦਾ ਪ੍ਰਤੀਕ ਹੈ। ਇਹ ਸਾਨੂੰ ਨਵੀਂ ਜੀਵਨ ਜਾਚ ਬਖਸ਼ਦਾ ਅਜਿਹਾ ਸੱਚ ਹੈ ਜਿਸ ਨਾਲ ਮਨੁੱਖੀ ਜ਼ਿੰਦਗੀ ਮੁੱਲਵਾਨ ਵੀ ਹੁੰਦੀ ਹੈ ਅਤੇ ਮੋਹ-ਵਾਨ ਵੀ, ਜਿਸ ਦੇ ਸਿੱਟੇ ਵਜੋਂ ਮਨੁੱਖੀ ਮਨ ਵਿਚ ਨਿਮਰਤਾ ਤੇ ਨਿਰਮਾਣਤਾ ਦਾ ਵਿਕਾਸ ਹੁੰਦਾ ਹੈ। ਇਹੋ ਹੀ ਸਮਾਜਿਕ ਸਥਿਤੀਆਂ ਵਿਚ ਤਬਦੀਲੀਆਂ ਦੀ ਸੂਚਕ ਬਣ ਜਾਂਦੀ ਹੈ। ਆਪਸੀ ਸਾਂਝ ਦਾ ਸਭ ਤੋਂ ਵੱਡਾ ਸੁਨੇਹਾ। ਸਿਰਫ ਮੋਹ-ਮੁਹੱਬਤਾਂ ਭਰਿਆ ਹੀ ਨਹੀਂ ਇਹ ਕੁਰਬਾਨੀਆਂ ਭਰਿਆ ਦਿਹਾੜਾ ਵੀ ਹੈ।

ਰੁੱਤ ਬਦਲੀ ਨਾਲ ਜਦੋਂ ਕੋਰੇ-ਕੱਕਰਾਂ ਦੇ ਭੰਨੇ ਲੋਕ ਖੁੱਲ੍ਹੇ ਮੌਸਮ ਵਿਚ ਪਹੁੰਚਦੇ ਤਾਂ ਇਸ ਨੂੰ ਖੁਸ਼ੀ ਵਜੋਂ ਮਨਾਇਆ ਜਾਂਦਾ। ਸਾਂਝੇ ਇਕੱਠ ਹੁੰਦੇ। ਲੋਕ ਨੱਚਦੇ ਟੱਪਦੇ ਇਕ ਦੂਜੇ ਨਾਲ ਖੁਸ਼ੀ ਸਾਂਝੀ ਕਰਦੇ। ਪੇਂਡੂ ਖੇਡਾਂ ਹੁੰਦੀਆਂ ਸਨ, ਆਮ ਕਰਕੇ ਗਭਰੂਆਂ ਦੇ ਘੋਲ਼ (ਕੁਸ਼ਤੀਆਂ) ਹੀ ਪਹਿਲੇ ਸਮਿਆਂ ਵਿਚ ਮੁੱਖ ਸਨ ਜਾਂ ਫੇਰ ਗਭਰੂਆਂ ਦੇ ਸ਼ਰੀਰਾਂ ਨੂੰ ਪਰਖਣ ਵਾਸਤੇ ਮੂੰਗਲੀ ਫੇਰਨੀ, ਭਾਰ ਚੁੱਕਣਾ, ਦੌੜਨਾ ਤੇ ਪਿੱਛੋਂ ਜਾ ਕੇ ਕਬੱਡੀ ਵਿਚ ਗਭਰੂਆਂ ਦੀ ਜ਼ੋਰ ਅਜਮਾਈ ਹੋਣ ਲੱਗੀ। ਮਨ ਪ੍ਰਚਾਵੇ ਲਈ ਬੋਲੀਆਂ ਪਾ ਪਾ ਕੇ ਨੱਚਿਆਂ ਜਾਂਦਾ। ਇਸ ਤਰ੍ਹਾਂ ਅੱਜ ਵੇਖੇ ਜਾਂਦੇ ਨਾਚ ਉਸ ਸਮੇਂ ਹੀ ਜਨਮੇ ਹੋਣਗੇ। ਅੱਜ ਦਾ ਭੰਗੜਾ ਬੁਨਿਆਦੀ ਤੌਰ ਤੇ ਉਨ੍ਹਾਂ ਹੀ ਨਾਚਾਂ ਦਾ ਇਕ ਰੂਪ ਹੈ। ਇਸੇ ਤਰ੍ਹਾਂ ਹੀ ਪਸ਼ੂਆਂ ਦੀ ਜਾਨ ਪਰਖੀ ਜਾਂਦੀ ਆਮ ਕਰਕੇ ਬਲਦ ਗੱਡੀਆਂ ਦੀਆਂ ਦੌੜਾਂ ਹੁੰਦੀਆਂ।

ਇਨ੍ਹਾਂ ਬਲਦ ਗੱਡੀਆਂ ਦੀਆਂ ਦੌੜਾਂ ਵਿਚ ਹਿੱਸਾ ਲੈਣ ਦੇ ਚਾਹਵਾਨ ਲੰਮਾ ਸਮਾਂ ਪਹਿਲਾਂ ਚੰਗੀ ਖੁਰਾਕ ਤੇ ਘਿਉ ਨਾਲ ਆਪਣੇ ਬਲਦਾਂ ਦੀ ਤਿਆਰੀ ਕਰਦੇ। ਦੌੜ ਵਾਲੇ ਦਿਨ ਬਲਦਾਂ ਦਾ ਹਾਰ-ਸ਼ਿੰਗਾਰ ਵੀ ਕੀਤਾ ਜਾਂਦਾ ਸੀ। ਯਾਦ ਰਹੇ ਕਿ ਪਸ਼ੂਆਂ ਦਾ ਸਾਡੇ ਪੇਂਡੂ ਜੀਵਨ ਦੇ ਵਿਚ ਸਦਾ ਹੀ ਵੱਡਾ ਮਹੱਤਵ ਰਿਹਾ ਹੈ।

ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਪਹਿਲਿਆਂ ਸਮਿਆਂ ਵਿਚ ਕੁੜੀਆਂ ਦਾ ਖੇਡਾਂ ਵਿਚ ਹਿੱਸਾ ਲੈਣਾ ਬਹੁਤ ਬੁਰਾ ਸਮਝਿਆ ਜਾਂਦਾ ਸੀ, ਇਸ ਕਰਕੇ ਸਾਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਪਹਿਲ-ਪਲੱਕੜਿਆਂ ਸਮਿਆਂ ਵਿਚ ਕੁੜੀਆਂ ਕਿਹੜੀਆਂ ਖੇਡਾਂ ਖੇਡਦੀਆਂ ਸਨ। ਹਾਂ ਇਹ ਜਰੂਰ ਹੈ ਕਿ ਮਨ ਦੀ ਖੁਸ਼ੀ ਦੇ ਨਾ ਸਾਂਭੇ ਜਾਣ ਤੇ ਛੋਟੀ ਤੇ ਵੱਡੀ ਉਮਰ ਦੀਆਂ ਸਭ ਕੁੜੀਆਂ ਸਮਾਜਿਕ ਜਹੇ ਗੀਤਾਂ ਦੀ ਤਾਲ ਨਾਲ ਜਰੂਰ ਨੱਚਦੀਆਂ ਸਨ, ਪਰ ਇਕੱਲੀਆਂ ਗਿੱਧੇ ਦੇ ਰੂਪ ਵਿਚ। ਛੋਟੀਆਂ ਬੱਚੀਆਂ ਕਿੱਕਲੀ ਜਾਂ ਅੱਡੀ ਛੜੱਪਾ ਵਰਗੀਆਂ ਖੇਡਾਂ ਮਨ ਪ੍ਰਚਾਣ ਵਾਸਤੇ ਖੇਡਦੀਆਂ। ਇਹੋ ਜਹੀਆਂ ਸਮਾਜਕ ਹਾਲਤਾਂ ਦੇ ਹੁੰਦਿਆਂ ਅੱਜ ਤੱਕ ਵੀ ਸਾਡੇ ਕੋਲ ਔਰਤਾਂ-ਮਰਦਾਂ ਦੇ ਸਾਂਝੇ ਨਾਚ ਨਹੀਂ ਹਨ, ਜੋ ਹੋਰ ਬਹੁਤ ਸਾਰੇ ਸਮਾਜਾਂ ਵਿਚ ਮਿਲਦੇ ਹਨ। ਬਰਾਬਰੀ ਦਾ 'ਰਾਗ' ਗਾਉਣ ਵਾਲੇ ਇਸ ਪਾਸੇ ਵੀ ਧਿਆਨ ਮਾਰਨ ਤਾਂ ਬੜਾ ਕੁੱਝ ਸੋਚਣ ਨੂੰ ਮਿਲੇਗਾ। ਇੱਥੇ ਹੀ ਸਾਡੇ ਸਮਾਜ ਵਿਚ ਔਰਤਾਂ ਨਾਲ ਹੁੰਦੇ ਵਿਤਕਰੇ ਦੇ ਬੀਜ ਪਏ ਹਨ।

ਉਸ ਸਮੇਂ ਇਹ ਸਮਾਜ ਅੰਦਰਲਾ ਅਣਮਹਿਸੂਸਿਆ ਅਸਾਵਾਂਪਣ ਸੀ। ਜੇ ਸਾਡੇ ਸਮਾਜ ਵਿਚ ਔਰਤ ਦੀ ਬੇਕਦਰੀ ਨਾ ਹੋਈ ਹੁੰਦੀ ਤਾਂ ਬਾਬਾ ਨਾਨਕ 'ਸੋ ਕਿਉਂ ਮੰਦਾ ਆਖੀਐ..' ਕਿਉਂ ਲਿਖਦੇ?

ਵਿਸਾਖੀ ਦਾ ਆਰੰਭ ਤਾਂ ਪਤਾ ਨਹੀਂ ਕਦੋਂ ਤੋਂ ਚੱਲਦਾ ਆ ਰਿਹਾ ਹੈ, ਪਰ ਹੈ ਸਦੀਆਂ ਪੁਰਾਣਾ। ਪਹਿਲਿਆਂ ਸਮਿਆਂ ਵਿਚ ਪੇਂਡੂ ਜੀਵਨ ਬਹੁਤਾ ਕਰਕੇ ਖੇਤੀ ਬਾੜੀ 'ਤੇ ਹੀ ਨਿਰਭਰ ਕਰਦਾ ਸੀ। ਸਮਾਜ ਦਾ ਹਰ ਜੀਅ, ਕਿਸੇ ਵੀ ਕਿੱਤੇ ਵਾਲਾ ਇਸ ਨਾਲ ਸਬੰਧਤ ਸੀ। ਇਸ ਕਰਕੇ ਫਸਲ ਬਹੁਤ ਹੀ ਮਹੱਤਵਪੂਰਨ ਸੀ। ਫਸਲਾਂ ਬੀਜੀਆਂ ਜਾਂਦੀਆਂ, ਪਾਲ਼ੀਆ ਜਾਂਦੀਆਂ ਜਦੋਂ ਕਣਕਾਂ ਨਿੱਸਰਦੀਆਂ, ਪੱਕਦੀਆ, ਸਿੱਟੇ ਸੁਨਿਹਰੀ ਹੋਏ ਦੇਖ ਕੇ ਮਨੁੱਖੀ ਮਨ ਨਾਲ ਹੀ ਖਿੜ ਉਠਦਾ। ਕਿਉਂਕਿ ਫਸਲ ਘਰ ਆਉਣ 'ਤੇ ਹੀ ਸਾਰੇ ਕਾਰਜ ਕੀਤੇ ਜਾਣੇ ਹੁੰਦੇ ਸਨ, ਖੇਤੀ ਬਾੜੀ ਸਾਡੀ ਆਰਥਿਕਤਾ ਦਾ ਮੁੱਖ ਸ੍ਰੋਤ ਸੀ। ਜਦੋਂ ਕਣਕਾਂ ਵੱਢਣ ਲਈ ਦਾਤਰੀ ਪੈਂਦੀ ਤਾਂ ਲੋਕ ਮਨ ਝੂਮ ਉਠਦਾ, ਨੱਚ ਪੈਂਦਾ। ਇਸ ਤਰ੍ਹਾਂ ਲੋਕ ਇਕੱਠ ਹੋਣੇ ਸ਼ੁਰੂ ਹੋਏ ਜੋ ਮੇਲੇ ਬਣ ਗਏ। ਲੋਕ ਇਨ੍ਹਾਂ ਮੇਲਿਆਂ ਵਿਚ ਨੱਚਦੇ ਤੇ ਗਾਉਂਦੇ ਜ਼ਿੰਦਗੀ ਨੂੰ ਅਸਲ ਮਾਅਨਿਆਂ ਵਿਚ ਮਾਨਣ ਲੱਗੇ। ਇਸ ਸਮੇਂ ਨਾਲ ਸਬੰਧਤ ਬਹੁਤ ਸਾਰੇ ਲੋਕ ਗੀਤ ਇਸ ਦਾ ਹੀ ਪ੍ਰਗਟਾਵਾ ਕਰਦੇ ਹਨ। ਵਿਸਾਖ ਮਹੀਨੇ ਹੀ ਕਣਕਾਂ ਦੀ ਵਾਢੀ ਸ਼ੁਰੂ ਹੁੰਦੀ। ਇਸ ਦਾ ਆਰੰਭ ਲੋਕ ਜਸ਼ਨਾਂ ਨਾਲ ਕਰਦੇ। ਵਾਢ੍ਹੀ ਸ਼ੁਰੂ ਹੀ ਢੋਲ ਦੇ ਡਗੇ ਨਾਲ ਹੁੰਦੀ। ਸਮੇਂ ਦੇ ਬੀਤਣ ਨਾਲ ਹੁਣ ਇਹ ਚਲਣ ਬਦਲ ਗਿਆ ਹੈ।



ਇੱਥੇ ਇਕ ਹੋਰ ਵਿਸ਼ੇਸ਼ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਜੋ ਸਾਡੇ ਸਮਾਜਿਕ ਰਿਸ਼ਤਿਆਂ ਵਿਚਲੇ ਮੋਹ ਦਾ ਪ੍ਰਗਟਾਵਾ ਕਰਦੀ ਹੈ। ਕਣਕ ਦੀਆਂ ਵਾਢ੍ਹੀਆਂ ਵੇਲੇ ਆਮ ਹੀ ਆਬ੍ਹਤਾਂ (ਕਿਸੇ ਦੂਸਰੇ ਦੇ ਕੰਮ ਵਿਚ ਬਿਨਾਂ ਪੈਸਿਆਂ ਦੇ ਮੱਦਦ ਕਰਨੀ) ਪੈਂਦੀਆਂ, (ਕਈ ਹੋਰ ਮੌਕਿਆਂ 'ਤੇ ਵੀ ਲੋਕ ਅਜਿਹਾ ਕਾਰਜ ਕਰਦੇ ਸਨ) ਲੋਕ ਇਕੱਠੇ ਹੋਕੇ ਇਕ ਦਾ ਕਾਰਜ ਪੂਰਾ ਕਰਦੇ ਫੇਰ ਅਗਲੇ ਦਿਨੀਂ ਉਹ ਹੀ ਪਹਿਲਾਂ ਵਾਲਿਆਂ ਦੇ ਹੱਥ ਵਟਾਉਣ ਆਉਂਦੇ। ਇਸ ਤਰ੍ਹਾਂ ਸਾਂਝ ਵੀ ਵਧਦੀ ਤੇ ਕੰਮ ਵੀ ਝੱਬੇ ਨਿੱਬੜ ਜਾਂਦਾ। ਵਾਢ੍ਹੀਆਂ ਵੇਲੇ ਆਬ੍ਹਤੀਆਂ ਦੀ ਸੇਵਾ ਆਮ ਕਰਕੇ ਸ਼ੱਕਰ ਘਿਉ (ਘਰ ਦਾ ਦੇਸੀ ਘਿਉ) ਨਾਲ ਹੀ ਹੁੰਦੀ ਸੀ। ਸਮੇਂ ਬਾਅਦ ਘਰ ਦੀ ਕੱਢ੍ਹੀ ਦੇਸੀ ਦਾਰੂ (ਸ਼ਰਾਬ) ਵੀ ਇਨ੍ਹਾਂ ਵੇਲਿਆਂ ਵਿਚ ਵਰਤੀ ਜਾਣ ਲੱਗੀ। ਵਾਢ੍ਹੀਆਂ ਤੋਂ ਬਾਅਦ ਫਲ੍ਹਿਆਂ ਨਾਲ ਕਣਕਾਂ ਗਾਹੀਆਂ ਜਾਂਦੀਆਂ, ਧੜਾਂ ਲਗਦੀਆਂ, ਕਣਕ ਤੇ ਤੂੜੀ ਵੱਖ ਕੀਤੇ ਜਾਂਦੇ। ਇਸ ਤਰ੍ਹਾਂ ਫਸਲ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੁੱਖੀ-ਸਾਦੀਂ ਘਰ ਆ ਜਾਂਦੀ।

ਪਾਣੀਆਂ ਦੇ ਨੇੜੇ ਵਸਣ ਵਾਲੇ ਲੋਕ ਨੇੜਲੇ ਦਰਿਆਵਾਂ ਤੇ ਵਿਸਾਖ ਦੀ ਸੰਗਰਾਂਦ ਨੂੰ ਵੱਡੀ ਗਿਣਤੀ ਵਿਚ ਨਹਾਉਣ ਜਾਂਦੇ। ਦੁਆਬੇ ਦੇ ਲੋਕ ਆਮ ਕਰਕੇ ਸਤਲੁਜ ਦਰਿਆ ਦੇ ਕੰਢਿਆਂ ਤੇ ਨਹਾਉਂਦੇ। ਇੱਥੇ ਤੱਕ ਪਹੁੰਚਣ ਲਈ ਲੋਕ ਗੱਡਿਆਂ, ਰੇੜ੍ਹੀਆਂ ਦੀ ਸਵਾਰੀ, ਕਿਧਰੇ ਕਿਧਰੇ ਟਾਂਗਿਆਂ ਦਾ ਆਸਰਾ ਲੈਂਦੇ ਸਨ। ਜਿਸ ਥਾਵੇਂ ਵੀ ਇਕੱਠੇ ਹੁੰਦੇ ਉੱਥੇ ਵੀ ਮੇਲੇ ਵਰਗਾ ਹੀ ਜਸ਼ਨ ਹੁੰਦਾ। ਇਸ਼ਨਾਨ ਕਰਨ ਵਾਸਤੇ ਲੋਕ ਸਵੇਰੇ ਸੁਵਖਤੇ ਹੀ ਇੱਥੇ ਪਹੁੰਚਦੇ। ਇਹ ਤਾਂ ਕੁੱਝ ਦਹਾਕੇ ਪਹਿਲਾਂ ਵੀ ਆਮ ਚਲਣ ਸੀ। ਦੁਆਬੇ ਵਿਚ ਆਮ ਤੌਰ ਤੇ ਇਸ ਨੂੰ ਵਸੋਆ ਨ੍ਹਾਉਣਾ ਵੀ ਆਖਿਆ ਜਾਂਦਾ ਸੀ। ਇੱਥੇ ਨਹਾਉਣ ਦਾ ਕਾਰਨ ਸਾਫ ਜਲ ਨਾਲ ਇਸ਼ਨਾਨ ਕਰਕੇ ਆਪਣੇ ਆਪ ਨੂੰ ਪਵਿੱਤਰ ਕਰਨਾ ਆਖਿਆ ਜਾਂਦਾ ਸੀ । ਪਰ ਹੁਣ ਸਮੇਂ ਬਦਲ ਗਏ ਹਨ। ਉਸ ਸਮੇਂ ਦੇ ਪਵਿੱਤਰ ਜਲ ਨੂੰ ਅੱਜ ਦੇ ਮਨੁੱਖ ਨੇ ਪਲੀਤ ਕਰ ਦਿੱਤਾ ਹੈ। ਹੁਣ ਸ਼ਾਇਦ ਲੋਕ ਇਸ ਡਰੋਂ ਇੱਥੇ ਨਹੀਂ ਨਹਾਉਂਦੇ ਕਿ ਉਹ ਮੁਨਾਫਿਆਂ ਖਾਤਰ ਇਸ ਪਲੀਤ/ ਗੰਦੇ ਕਰ ਦਿੱਤੇ ਗਏ ਪਾਣੀ ਨਾਲ ਬੀਮਾਰੀਆਂ ਨਹੀਂ ਲੁਆਈਆਂ ਚਾਹੁੰਦੇ। ਇਹ ਸਮਿਆਂ ਦਾ ਫਰਕ ਹੈ ਕਿ ਉਸ ਸਮੇਂ ਦੀ ਪਵਿੱਤਰ ਰੀਤ ਅੱਜ ਦੇ ਮਨੁੱਖ ਵਾਸਤੇ ਤ੍ਰਾਸਦੀ ਬਣ ਗਈ ਹੈ।

ਨਵੇਂ ਮਨੁੱਖ ਦੀ ਸਿਰਜਣਾ ਲਈ ਸਿੱਖ ਲਹਿਰ ਵਿਚ ਸਿਫਤੀ ਤਬਦੀਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਰੈਲ 1699 ਨੂੰ ਖਾਲਸੇ ਦੀ ਸਾਜਣਾ ਨਾਲ ਕੀਤੀ। ਇਹ ਵਿਸਾਖ ਦੀ ਸੰਗਰਾਂਦ ਦੇ ਦਿਹਾੜੇ ਅਨੰਦਪੁਰ ਵਿਖੇ ਇਕੱਠ ਵਿਚ ਸਿੱਖਾਂ ਦੇ ਸਮਰਪਣ ਦੀ ਭਾਵਨਾ ਦਾ ਜਲਵਾ ਸੀ। ਇੱਥੇ ਹੋਏ ਇਕੱਠ ਵਿਚ ਗੁਰੂ ਸਾਹਿਬ ਵਲੋਂ ਆਪਣੇ ਸਿੱਖਾਂ ਦੀ ਪਰਖ ਕਰਨ ਦਾ ਅਨੋਖਾ ਢੰਗ ਅਪਣਾਇਆ ਗਿਆ। ਉਨ੍ਹਾਂ ਇਕੱਠ ਵਿਚ ਜੁੜੇ ਲੋਕਾਂ ਤੋਂ ਸਿਰਾਂ ਦੀ ਮੰਗ ਕੀਤੀ, ਇਹ ਸੁਣਦਿਆਂ ਹੀ ਸਮਾਜ ਵਿਚ ਆਪਣੇ ਆਪ ਨੂੰ ਵੱਡੇ ਅਖਵਾਉਣ ਵਾਲੇ ਵੱਡੀਆਂ ਜਾਇਦਾਦਾਂ, ਜਗੀਰਾਂ ਦੇ ਮਾਲਕ ਤੇਜੀ ਨਾਲ ਉੱਥੋਂ ਖਿਸਕ ਗਏ ਸਨ। ਸਿਰ ਪੇਸ਼ ਕਰਨ ਵਾਲੇ ਕਿਰਤੀਆਂ ਵਿਚੋਂ ਸਨ, ਭਾਈ ਦਇਆ ਰਾਮ ਜੀ ਲਹੌਰ ਤੋਂ, ਭਾਈ ਧਰਮ ਦਾਸ ਜੀ ਦਿੱਲੀ ਤੋਂ, ਭਾਈ ਮੋਹਕਮ ਚੰਦ ਜੀ ਦਵਾਰਕਾ ਤੋਂ, ਭਾਈ ਸਾਹਿਬ ਚੰਦ ਜੀ ਬਿਦਰ ਤੋਂ, ਭਾਈ ਹਿੰਮਤ ਰਾਏ ਜੀ ਜਗਨ ਨਾਥ ਪੁਰੀ ਤੋਂ । ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਪੰਜ ਪਿਆਰੇ ਕਿਹਾ ਅਤੇ ਅਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਸਾਰੇ ਹੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਬਣ ਗਏ। ਫੇਰ ਇਨ੍ਹਾਂ ਪੰਜਾਂ ਪਿਆਰਿਆਂ ਤੋਂ ਆਪ ਅਮ੍ਰਿਤ ਛਕਿਆ ਅਤੇ ਆਪ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ। ਇਸ ਘਟਨਾ ਕ੍ਰਮ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ :

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਦੇਸ਼ ਦੀ ਅਜਾਦੀ ਦੀ ਲਹਿਰ ਸਮੇਂ ਸੰਨ 1919 ਦੀ ਵਿਸਾਖੀ ਨੂੰ ਜੱਲਿਆਂ ਵਾਲੇ ਬਾਗ ਅਮ੍ਰਿਤਸਰ ਵਿਚ ਜੋ ਦਰਦਨਾਕ ਤੇ ਖੂਨਰੱਤਾ ਹਾਦਸਾ ਜਨਰਲ ਉਡਵਾਇਰ ਨੇ ਨਿਹੱਥੇ ਪੰਜਾਬੀਆਂ 'ਤੇ ਵਰਤਾਇਆ ਉਸ ਨਾਲ ਸਾਰੇ ਦੇਸ਼ ਵਾਸੀਆਂ ਦੀ ਰੂਹ ਝੰਜੋੜੀ ਗਈ। ਬੇਕਸੂਰ ਦੇਸ਼ਪ੍ਰੇਮੀਆਂ ਨਾਲ ਵਰਤਾਏ ਇਸ ਭਿਆਨਕ ਖੂਨੀ ਸਾਕੇ ਦਾ ਬਦਲਾ ਸ਼ਹੀਦ ਊਧਮ ਸਿੰਘ ਨੇ ਲੰਡਨ ਜਾ ਕੇ ਇਸ ਹਾਦਸੇ ਦੇ ਦੋਸ਼ੀ ਉਡਵਾਇਰ ਨੂੰ ਕਤਲ ਕਰਕੇ ਲਿਆ ਸੀ। ਇਹ ਜੱਲਿਆਵਾਲਾ ਬਾਗ ਮੁਲਕ ਦੀ ਅਜਾਦੀ ਲਹਿਰ ਵਿਚ ਸ਼ਹੀਦ ਹੋਏ ਪੰਜਾਬੀਆ ਦਾ ਯਾਦਗਾਰੀ ਸਥਾਨ ਹੈ, ਜਿੱਥੇ ਹਰ ਦਿਨ ਹੀ ਲੋਕ ਸ਼ਹੀਦਾਂ ਦੀ ਯਾਦ ਵਿਚ ਸਿਰ ਨਿਵਾਉਣ ਆਉਂਦੇ ਹਨ। ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਭਗਤੀ ਦਾ ਸਬਕ ਦੇਣ ਵਾਲੀ ਪੇਰਨਾ ਦਾ ਮੁੱਖ ਸੋਮਾ ਹੈ। ਜਿਹੜੇ ਲੋਕ ਆਪਣੇ ਸ਼ਹੀਦਾਂ ਤੇ ਆਪਣੇ ਮਾਣਮੱਤੇ ਵਿਰਸੇ ਨੂੰ ਭੁੱਲ ਜਾਂਦੇ ਹਨ ਉਹ ਦੇਸ਼ ਭਗਤੀ ਵਾਲੇ ਪਾਸਿਉਂ ਯਤੀਮ ਹੋ ਜਾਂਦੇ ਹਨ। ਉਂਜ ਵੀ ਸ਼ਹੀਦਾਂ ਦਾ ਖੂਨ ਸਸਤਾ ਕਰਨ ਤੇ ਸਮਝਣ ਵਾਲੇ ਸਦਾ ਫਿਟਕਾਰਾਂ ਦੇ ਲਾਇਕ ਹੀ ਹੁੰਦੇ ਹਨ। ਜੇ ਜੱਲਿਆਂ ਵਾਲੇ ਬਾਗ ਦੇ ਮਹੱਤਵ ਨੂੰ ਸਮਝਣਾ ਹੋਵੇ ਤਾਂ ਡਾ: ਜਗਤਾਰ ਦੇ ਇਹ ਸ਼ਿਅਰ ਯਾਦ ਕਰਨਾ ਕਾਫੀ ਹੋਵੇਗਾ ਕਿ :

ਖੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ
ਏਸ ਦੀ ਸੁਰਖੀ ਕਦੇ ਜਾਣੀ ਨਹੀਂ
ਦੁਸ਼ਮਣਾਂ ਹਥਿਆਰ ਸਾਰੇ ਵਰਤਣੇ
ਜ਼ਿੰਦਗੀ ਨੇ ਮਾਤ ਪਰ ਖਾਣੀ ਨਹੀਂ

ਵਿਸਾਖੀ ਦੇ ਅਰਥ ਬਹੁਤ ਵੱਡੇ ਤੇ ਵਿਸ਼ਾਲ ਹਨ ਖੁਦ ਜ਼ਿੰਦਗੀ ਵਾਂਗ। ਜ਼ਿੰਦਗੀ ਨੂੰ ਪਿਆਰ ਕਰਨ ਵਾਲਿਆਂ ਵਾਸਤੇ ਚੰਗੀ ਸੇਧ ਦਾ ਪ੍ਰਣ ਲੈਣ ਦਾ ਦਿਹਾੜਾ ਹੈ, ਆਪਸੀ ਭਾਈਚਾਰੇ ਦੀ ਮਜਬੂਤੀ ਦਾ ਹੋਕਾ ਦਿੰਦਿਆ ਹਰ ਕਿਸੇ ਲਈ ਸਮਾਨਤਾ /ਬਰਾਬਰੀ ਅਤੇ ਵੈਰ ਰਹਿਤ, ਅਪਣੱਤ ਭਰੇ, ਹਰ ਕਿਰਤੀ ਦੇ ਸਨਮਾਨ ਕਰਨ ਵਾਲੇ ਸਮਾਜ ਦੀ ਸਿਰਜਣਾ ਵੱਲ ਵਧਣਾ ਹੀ ਵਿਸਾਖੀ ਦਾ ਸੰਦੇਸ਼ ਹੋਣਾ ਚਾਹੀਦਾ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਅਸੀਂ ਹਰ ਕਿਸਮ ਦੀਆਂ ਨਫਰਤਾਂ ਭਰੀਆਂ ਦੀਵਾਰਾਂ ਢਾਅ ਕੇ ਆਪਣੇ ਵਿਰਸੇ ਤੋਂ ਸਾਂਝੀਵਾਲਤਾ ਦੀ ਸਿੱਖਿਆ ਲੈਂਦੇ ਹੋਏ ਵਰਤਮਾਨ ਸਮੇਂ ਦੀਆਂ ਨਵੀਆਂ ਜੁਗਤਾਂ, ਨਵੀਂ ਜੀਵਨ ਜਾਚ ਅਪਣਾਉਂਦੇ ਹੋਏ 'ਨੀਚਾਂ ਅੰਦਰ ਨੀਚ ਜਾਤ......' ਵਾਲੀ ਭਾਵਨਾ ਲੈ ਕੇ ਤੁਰੀਏ।

ਹੁਣ ਦੇ ਹਾਲਾਤਾਂ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਅੱਜ ਇਸ ਸਾਂਝ ਦੀ ਬਹੁਤ ਲੋੜ ਹੈ - ਇਹ ਹੀ ਮਨੁੱਖਤਾ ਦੀ ਸੇਵਾ ਆਖੀ ਜਾ ਸਕਦੀ ਹੈ। ਵਿਸਾਖੀ ਦਾ ਇਹ ਹੀ ਸੁਨੇਹਾ ਹੈ।

# ਇੰਦਰਜੀਤ ਸਿੰਘ ਜ਼ੀਰਾ ਵੱਲੋਂ ਮੁਲਾਜ਼ਮ ਨੂੰ ਥੱਪੜ ਮਾਰਨ ਦਾ ਵੀਡੀਓ ਵਾਇਰਲ

**ਸੰਗਰੂਰ-** ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਉਸ ਸਮੇਂ ਵਿਵਾਦਾਂ 'ਚ ਘਿਰ ਗਏ ਜਦੋਂ ਉਨ੍ਹਾਂ ਵੱਲੋਂ ਖੁਰਾਕ ਸਪਲਾਈ ਵਿਭਾਗ ਮਖੂ ਵਿਖੇ ਤਾਇਨਾਤ ਕਰਮਚਾਰੀ ਕਪਿਲ ਸਕਸੈਨਾ ਨੂੰ ਪੁਲੀਸ ਦੀ ਮੌਜੂਦਗੀ ਵਿੱਚ ਕਥਿਤ ਤੌਰ 'ਤੇ ਥੱਪੜ ਮਾਰਿਆ ਗਿਆ।

ਇਸ ਮਾਮਲੇ ਦੀ ਵੀਡੀਓ ਸੋਸ਼ਲ ਸਾਈਟ 'ਤੇ ਨਸ਼ਰ ਹੋਣ ਨਾਲ ਮਾਮਲਾ ਭਖ਼ ਗਿਆ ਹੈ। ਖੁਰਾਕ ਸਪਲਾਈ ਵਿਭਾਗ ਦੇ ਕਰਮਚਾਰੀਆਂ ਨੇ ਇਸ ਹਰਕਤ ਦਾ ਗੰਭੀਰ ਨੋਟਿਸ ਲਿਆ ਹੈ। ਖੁਰਾਕ ਤੇ ਸਪਲਾਈ ਵਿਭਾਗ ਦੀਆਂ ਇੰਸਪੈਕਟਰ ਯੂਨੀਅਨ ਅਤੇ ਮਨਿਸਟੀਰੀਅਲ ਸਟਾਫ਼ ਯੂਨੀਅਨਾਂ ਦੀ ਅਗਵਾਈ ਹੇਠ ਕਰਮਚਾਰੀਆਂ ਵੱਲੋਂ ਸੰਗਰੂਰ 'ਚ ਮੁੱਖ ਮੰਤਰੀ ਪੰਜਾਬ ਦੇ ਨਾਂ ਏਡੀਸੀ ਉਪਕਾਰ ਸਿੰਘ ਨੂੰ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਗਈ ਕਿ ਸ੍ਰੀ ਜ਼ੀਰਾ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਸਮੁੱਚੇ ਮੁਲਾਜ਼ਮ ਵਰਗ ਨੂੰ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਾ ਪਏਗਾ। ਮੰਗ ਪੱਤਰ ਸੌਂਪਣ ਮਗਰੋਂ ਖੁਰਾਕ ਤੇ ਸਪਲਾਈ ਵਿਭਾਗ ਦੀ ਇੰਸਪੈਕਟਰ ਯੂਨੀਅਨ ਦੇ ਸੂਬਾ ਚੇਅਰਮੈਨ ਗੁਰਿੰਦਰ ਸਿੰਘ ਰਾਣਾ, ਪ੍ਰਧਾਨ ਰਾਜੇਸ਼ ਬਾਂਸਲ ਅਤੇ ਜਨਰਲ ਸਕੱਤਰ ਪੰਕਜ ਗਰਗ ਨੇ ਦੋਸ਼ ਲਾਇਆ ਕਿ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਨੇ ਡਿਊਟੀ 'ਤੇ ਤਾਇਨਾਤ ਕਰਮਚਾਰੀ ਦੇ ਥੱਪੜ ਮਾਰਦਿਆਂ ਉਸ ਨਾਲ ਹੱਥੋਪਾਈ ਵੀ ਕੀਤੀ।

ਇਸ ਤੋਂ ਇਲਾਵਾ ਸਾਰੀ ਘਟਨਾ ਦੀ ਵੀਡੀਓ ਬਣਾ ਕੇ ਉਸ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਜਿਸ ਨਾਲ ਸਰਕਾਰੀ ਕਰਮਚਾਰੀ ਨੂੰ ਬੇਇੱਜ਼ਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਕਰਮਚਾਰੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੈ।

# ਸਾਹਿਤਕ ਪੈੜਾਂ- ਕੁਝ ਰਚਨਾਵਾਂ

## ਲਿਖਣਾ ਤਾਂ ਸਾਫ ਸੁਥਰਾ



ਜੁਗਿੰਦਰ 'ਧਾਮੀ'
ਪਿੱਪਲਾਂਵਾਲੀਆ
530-844-0987

ਲਿਖਣਾ ਤਾਂ ਸਾਫ ਸੁਥਰਾ ਲਿਖ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ
ਗਾਉਣਾ ਤਾਂ ਸਾਫ ਸੁਥਰਾ ਗਾ ਲੈ
ਵਿਚ ਪਰਿਵਾਰਾਂ ਬਹਿ ਕੇ ਸੁਣੀਐ
ਏਦਾਂ ਦਾ ਤੂੰ ਲਿਖ ਕੇ ਗਾ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ।

ਧੀਆਂ ਭੈਣਾਂ ਦੀ ਇੱਜਤ ਸਾਂਝੀ
ਲਿਖਣ ਵੇਲੇ ਚੇਤੇ ਰੱਖੀਏ
ਚੁੰਨੀ ਸਿਰ ਦੀ ਇੱਜਤ ਗਹਿਣਾ
ਸਿਰ ਤੋਂ ਚੁੰਨੀ ਕਦੇ ਨਾ ਚੁੱਕੀਏ
ਮਾੜੇ ਗੀਤ ਨਹੀਂ ਲੋਕੀ ਸੁਣਦੇ
ਗੱਲ ਸਿੱਧੀ ਤੂੰ ਸਮਝ, ਸਮਝਾ ਲੈ
ਲਿਖਣਾ ਤੇ ਸਾਫ ਸੁਥਰਾ ਲਿਖ ਲੈ
ਗਾਉਣਾ ਤਾਂ ਸਾਫ ਸੁਥਰਾ ਗਾ ਲੈ।

ਇਸ ਦਾਰੂ ਨਸ਼ੇ ਨੇ ਕਈ ਘਰ ਖਾ ਲਏ
ਤੇ ਗੱਭਰੂ ਕਈ ਗੁਲਾਮ ਬਣਾ ਲਏ
ਚਲੋ ਏਦਾਂ ਦਾ ਕੁਝ ਲਿਖ ਜਾਈਏ
ਗੱਭਰੂ ਨਸ਼ਿਆਂ ਤੋਂ ਛੁਡਾਈਏ
ਕਲਮਾਂ ਵਾਲਿਆਂ ਤੋਂ ਲੋਕੀ ਆਸਾਂ ਰੱਖਦੇ
ਚੱਲ ਕਲਮ ਨੂੰ ਚੰਗੇ ਪਾਸੇ ਲਾ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ
ਗਾਉਣਾ ਤਾਂ ਸਾਫ ਸੁਥਰਾ ਗਾ ਲੈ।

ਗੱਲ ਗੀਤਾਂ ਵਿਚ ਪਿਆਰ ਦੀ ਕਰੀਏ
ਵੱਡਿਆਂ ਦੇ ਸਤਿਕਾਰ ਦੀ ਕਰੀਏ
ਵਿਰਸੇ ਵਿਚ ਜੋ ਮਿਲੇ ਜੇ ਸਾਨੂੰ
ਗੱਲ ਉਹਨਾਂ ਸੰਸਕਾਰਾਂ ਦੀ ਕਰੀਏ
ਚੱਲਣਾ ਨਾਲ ਸਮਾਜ ਦੇ ਪੈਂਦਾ
ਗੱਲ ਨੂੰ ਮਨ ਦੇ ਵਿਚ ਬਿਠਾ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ
ਗਾਉਣਾ ਤਾਂ ਸਾਫ ਸੁਥਰਾ ਗਾ ਲੈ।

ਗੱਲ ਪਿੰਡ ਦੇ ਖੂਹਾਂ ਦੀ ਕਰੀਏ
ਵਿਹੜੇ ਤੇ ਬਰੂਹਾਂ ਦੀ ਕਰੀਏ
ਦੇਸ਼ ਦੀ ਖਾਤਰ ਜੋ ਵਾਰ ਗਏ ਜਾਨਾਂ
ਗੱਲ ਮਹਾਨ ਰੂਹਾਂ ਦੀ ਕਰੀਏ
ਜਿਹੜੇ ਲੋਕੀ ਸੁਣਨਾ ਚਾਹੁੰਦੇ
ਲੋਕਾਂ ਦੇ ਲੋਕ ਗੀਤ ਤੂੰ ਗਾ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ
ਗਾਉਣਾ ਤਾਂ ਸਾਫ ਸੁਥਰਾ ਗਾ ਲੈ।

ਚੰਗਾ ਲਿਖਣਾ, ਗਾਉਣਾ, ਫਰਜ਼ ਵੀ ਸਾਡਾ
ਤੇ ਆਪਾ ਅ ਪਣਾ ਫਰਜ਼ ਨਿਭਾਈਏ
ਜਿਹੜੇ ਚੰਗਾ ਲਿਖਦੇ ਗਾਉਂਦੇ
ਹੌਸਲਾ ਉਹਨਾਂ ਦਾ ਅਸੀਂ ਵਧਾਈਏ
ਲੋਕਾਂ ਨਾਲ ਹੀ ਪੈਣ ਕਰਦਾ 'ਧਾਮੀ'
ਲੋਕਾਂ ਲਈ ਤੂੰ ਲਿਖ ਲੈ, ਗਾ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ
ਗਾਉਣਾ ਤਾਂ ਸਾਫ ਸੁਥਰਾ ਗਾ ਲੈ।
ਵਿਚ ਪਰਿਵਾਰਾਂ ਬਹਿ ਕੇ ਸੁਣੀਏ
ਏਦਾਂ ਦਾ ਤੂੰ ਲਿਖ ਕੇ ਗਾ ਲੈ
ਲਿਖਣਾ ਤਾਂ ਸਾਫ ਸੁਥਰਾ ਲਿਖ ਲੈ।

## ਵਿਸਾਖੀ ਨੂੰ ਸਮਰਪਿਤ



ਮਾਸਟਰ
ਨਿਰਮਲ ਸਿੰਘ
ਲਾਲੀ

ਅਪ੍ਰੈਲ 1699 ਤੋਂ ਪਹਿਲਾਂ ਵੀ
ਵਿਸਾਖੀ ਮਨਾਈ ਜਾਂਦੀ ਸੀ
ਪਰ 1699 ਦੀ ਵਿਸਾਖੀ ਦੀ ਵਿਸ਼ੇਸ਼ ਮਹਾਨਤਾ ਹੈ
ਇਸ ਵਿਸਾਖੀ ਨੂੰ ਗੁਰੂ ਜੀ ਨੇ
ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ।

ਬਾਜਾਂ ਵਾਲਿਆ
ਨਹੀਂ ਦੁਨੀਆਂ ਵਿਚ ਤੇਰਾ ਕੋਈ ਸਾਨੀ
ਜਿਹੜੇ ਤੈਂ ਧਰਮ ਦੇਸ਼ ਦੀ ਖਾਤਰ ਉਪਕਾਰ ਕੀਤੇ,
ਉਹ ਰਹਿੰਦੀ ਦੁਨੀਆਂ ਤੇ
ਖਾਲਸਾ ਪੰਥ ਸਦਾ ਯਾਦ ਰੱਖੂ।

ਪੁੱਤਰਾਂ ਦੇ ਦਾਨੀਆਂ ਵੇ
ਤੇਰਾ ਕਰਜ਼ਾ ਖਾਲਸਾ ਕਦੀ ਵੀ ਨਹੀਂ ਉਤਾਰ ਸਕਦਾ।
ਜਿਹੜਾ ਕਰਜ਼ਾ ਤੈਂ ਪੁੱਤਰਾਂ ਨੂੰ ਸ਼ਹੀਦ ਕਰਾ ਕੇ
ਖਾਲਸੇ ਦੇ ਸਿਰ ਚਾੜ੍ਹਿਆ ਸੀ।

ਅੰਮ੍ਰਿਤ ਦਾ ਬਾਟਾ ਤਿਆਰ ਕਰਕੇ
ਜਿਹੜਾ ਛੂਤ-ਛਾਤ ਤੇ ਊਚ-ਨੀਚ ਦਾ
ਵਿਤਕਰਾ ਮਿਟਾਇਆ ਸੀ।
ਉਸ ਦਾ ਅਹਿਸਾਨ ਮਨੁੱਖ ਕਦੀ ਨਹੀਂ ਭੁੱਲ ਸਕਦਾ।

ਜ਼ੁਲਮ ਅਤੇ ਅਨਿਆ ਦੇ ਵਿਰੁੱਧ
ਜਿਹੜੀ ਤੈਂ ਜ਼ਾਲਮਾਂ ਨਾਲ ਲਈ ਸੀ ਟੱਕਰ
ਉਸ ਦੀ ਨਹੀਂ ਮਿਲਦੀ ਉਦਾਹਾਰਣ ਇਸ ਸੰਸਾਰ ਅੰਦਰ।
ਤੇਰਾ ਮਨੋਰਥ ਨਹੀਂ ਸੀ ਕੋਈ ਰਾਜ ਸਥਾਪਤ ਕਰਨਾ।
ਤੇਰਾ ਤਾਂ ਇੱਕੋ ਹੀ ਉਦੇਸ਼ ਸੀ,
ਜ਼ੁਲਮ ਅਤੇ ਅਨਿਆ ਨੂੰ ਸਮਾਪਤ ਕਰਨਾ।

ਸਰਬੰਸਦਾਨੀਆ ਤੂੰ ਜੋ ਕਰ ਗਿਆ
ਇਸ ਸੰਸਾਰ ਅੰਦਰ
ਉਹ ਸਦਾ ਹੀ ਰਹੂ ਯਾਦ
ਜਦ ਤੱਕ ਚਮਕਦੇ ਰਹਿਣਗੇ
ਸੂਰਜ ਚੰਦ ਅਤੇ ਤਾਰੇ।

## ਮੱਠ ਵਾਲੇ ਮੰਤਰੀ?



ਤਰਲੋਚਨ ਸਿੰਘ
ਦੁਪਾਲਪੁਰ

ਧਰਨੇ ਮਾਰਦੇ ਸੜਕਾਂ 'ਤੇ ਰੁਲੀ ਜਾਂਦੇ

ਮੱਤਭੇਦਾਂ ਦੀ ਆਪਸ 'ਚ ਗੱਠ ਵਾਲੇ।

ਪੀਣੀ ਲੱਸੀ ਹੀ ਪੈਂਦੀ ਐ ਪਾਟਿਆਂ ਨੂੰ

ਛਕ ਲੈਂਦੇ ਮਲਾਈਆਂ ਨੇ 'ਕੱਠ ਵਾਲੇ।

ਧੂੰਆ ਉਡੇ ਅਮੀਰੀ ਦਾ ਚਿਮਨੀਆਂ 'ਚੋਂ

ਝੁਲਕੇ ਝੋਂਕਦੇ ਰਹਿੰਦੇ ਨੇ ਭੱਠ ਵਾਲੇ।

ਰਹਿ ਗਏ ਪੋਥੀਆਂ ਵਿਚ ਕਾਨੂੰਨ ਕਾਇਦੇ

ਕਰਦੇ ਰਾਜ ਹਨ ਹੱਥਾਂ ਵਿਚ ਲੱਠ ਵਾਲੇ।

ਪੜ੍ਹ ਕੇ ਡਿਗਰੀਆਂ ਲੈਣੀਆਂ ਔਖੀਆਂ ਨੇ

ਬਣਨਾ ਸੌਖਾ ਐ 'ਇਕ ਸੌ ਅੱਠ' ਵਾਲੇ।

ਰਾਜ-ਭਾਗ ਦਾ 'ਕ੍ਰਿਸ਼ਮਾ' ਹੀ ਕਿਹਾ ਜਾਊ

ਬਣ ਗਏ 'ਮੰਤਰੀ' ਸਾਧ ਵੀ ਮੱਠ ਵਾਲੇ!

## ਆਜ਼ਾਦੀ



- ਬਲਵਿੰਦਰ ਭੌਰਾ

ਲੜਦੀ ਨਹੀਂ ਸਾਡੇ, ਆਜ਼ਾਦੀ ਕੀ ਕੰਡ,
ਚੁੱਕੀ ਹਾਂ ਫਿਰਦੇ, ਗੁਲਾਮੀ ਦੀ ਪੰਡ।

ਜੇ ਜ਼ਿੰਦਗੀ ਵਿਚ ਸੁੱਖ ਹੈ ਲੈਣਾ,
ਬੇਗਮਪੁਰਾ ਵਸਾਉਣਾ ਪੈਣਾ।
ਫਾਇਦਾ ਨਹੀਂ ਕੋਈ ਪਾਉਣ ਦਾ ਡੰਡ,
ਚੁੱਕੀ ਹਾਂ ਫਿਰਦੇ, ਗੁਲਾਮੀ ਦੀ ਪੰਡ।

ਸੋਚ ਸਾਡੀ ਨੂੰ ਪਿਆ ਸਲਾਭਾ,
ਪੂਜਣੋਂ ਨਹੀਂ ਕੋਈ ਛੱਡਿਆ ਬਾਬਾ।
ਹਰ ਥਾਂ ਹੁੰਦੀ ਸਾਡੀ ਹੀ ਝੰਡ
ਚੁੱਕੀ ਹਾਂ ਫਿਰਦੇ ਗੁਲਾਮੀ ਦੀ ਪੰਡ।

ਭੇਡਚਾਲ ਨੂੰ ਦਿਲ 'ਚੋਂ ਕੱਢੋ,
ਅੰਧ-ਵਿਸ਼ਵਾਸ ਦਾ ਜੂਲ੍ਹਾ ਵੱਢੋ।
ਬਹੁਤ ਪੂਜ ਲਏ ਹੁਣ ਤੱਕ ਜੰਡ,
ਚੁੱਕੀ ਹਾਂ ਫਿਰਦੇ ਗੁਲਾਮੀ ਦੀ ਪੰਡ।

ਆਪਣਿਆਂ ਤੇ ਵਿਸ਼ਵਾਸ ਨਹੀਂ ਕਰਦੇ,
ਹੋਰਾਂ ਲਈ ਜਿੰਦ ਤਲੀ 'ਤੇ ਧਰਦੇ।
ਹਰ ਥਾਂ ਲਹਿੰਦੀ ਏ ਸਾਡੀ ਹੀ ਝੰਡ
ਚੁੱਕੀ ਹਾਂ ਫਿਰਦੇ ਆਜ਼ਾਦੀ ਦੀ ਪੰਡ।

ਕਿੰਨਾ ਚਿਰ ਹੋਰ ਗੁਲਾਮੀ ਸਹਿਣੀ,
ਇਹ ਗੱਲ ਸਾਨੂੰ ਸੋਚਣੀ ਪੈਣੀ।
ਵੇਖ ਨਹੀਂ ਹੁੰਦੇ ਹੁਣ ਹੋਰ ਪਖੰਡ,
ਚੁੱਕੀ ਹਾਂ ਫਿਰਦੇ ਗੁਲਾਮੀ ਦੀ ਪੰਡ।

## ਖਾਲਸਾ ਪੰਥ ਸਜਾਇਆ



ਮੇਜਰ ਸਿੰਘ
ਨਾਭਾ

ਵਿਸਾਖੀ ਵਾਲੇ ਦਿਨ
ਗੁਰੁ ਦਸਵੇਂ ਕੌਤਿਕ ਵਰਤਾਇਆ
ਲੈ ਕੇ ਸੀਸ ਪੰਜ ਪਿਆਰਿਆਂ
ਖਾਲਸਾ ਪੰਥ ਸਜਾਇਆ।
ਇਹ ਆਲੌਕਿਕ ਨਜ਼ਾਰਾ
ਵੇਖ ਸੰਗਤ ਸੀਸ ਝੁਕਾਇਆ
ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ
ਜਾਤ ਪਾਤ ਦਾ ਭੇਦ ਮਿਟਾਇਆ।
ਨੀਚ ਜਾਤ ਨੂੰ ਗਲੇ ਲਗਾ ਕੇ
ਸਤਿਕਾਰ ਉਨ੍ਹਾਂ ਦਾ ਵਧਾਇਆ।
ਜੀਵਨ ਸਿੰਘ ਮਜ਼੍ਹਬੀ ਸਿੰਘ ਨੂੰ
ਕਲਗੀ ਲਾ ਸਤਿਕਾਰ ਦਿਵਾਇਆ।
ਸਮਾਜ ਅੰਦਰ ਸੀ ਕ੍ਰਾਂਤੀ ਦਾ
ਇਕ ਨਵਾਂ ਪੈਗ਼ਾਮ ਫੈਲਾਇਆ
ਪਰ ਚੌਥੀ ਸਦੀ ਆਉਣ ਤੇ ਵੀ
ਲੋਕਾਂ ਮਨ ਨਾ ਸਮਝਾਇਆ।
ਸਿੱਖੀ ਦੇ ਆਲੰਬਰਦਾਰਾਂ
ਹਉਮੇ ਆਪਣੀ ਨੂੰ ਪੱਠੇ ਪਾਇਆ
ਜਾਤ ਪਾਤਾਂ ਦੀਆਂ ਵੰਡੀਆਂ ਨੂੰ
ਨਵੇਂ ਸਿਰੇ ਤੋਂ ਰਚਾਇਆ।
ਜਾਤ ਪਾਤ ਦੇ ਨਾਲ ਜੋੜ ਕੇ
ਨੇਤਾਵਾਂ ਖੂਬ ਲੋਕਾਂ ਭਰਮਾਇਆ
ਸਰਕਾਰ ਸਾਡੀ ਨੇ ਪਹਿਲਾਂ ਹੀ
ਲੋਕਾਂ ਤੇ ਜਾਤ ਦਾ ਠੱਪਾ ਲਾਇਆ।
ਸਮਾਜ ਸਾਡੇ ਨੇ ਸਿੱਖੀ ਨੂੰ
ਵੱਖਰਾ ਹੀ ਰੂਪ ਬਣਾਇਆ
ਸੰਤ ਬਾਬਿਆਂ ਆਮ ਸਿੱਖ ਨੂੰ
ਉਲਝਣ ਤਾਣੀ ਵਿੱਚ ਪਾਇਆ।
ਹੱਕ ਹਕੂਕ ਦੀ ਖਾਣ ਵਾਲੇ ਨੂੰ
ਚਕਰਾਂ ਨਵੇਂ ਫਸਾਇਆ

ਅੱਗੇ ਵੱਧਣ ਤੋਂ ਰੋਕਣ ਲਈ
ਇਹ ਜਾਲ ਨਵਾਂ ਵਛਾਇਆ।
ਸਿੱਖੀ ਦੇ ਪਹਿਰੇਦਾਰੋ
ਅਜੇ ਵੀ ਸੋਚੋ ਤੇ ਵਿਚਾਰੋ
ਕਿਉਂ ਨਹੀਂ ਗੁਰੂ ਦੀ ਸੋਚ ਨੂੰ
ਸੱਚੇ ਦਿਲੋਂ ਅਸਾਂ ਅਪਣਾਇਆ।

## ਕਿੱਥੇ ਗਈ ਵਿਸਾਖੀ



ਰਹਿ ਗਈ ਹੁਣ ਵਿਸਾਖੀ ਲਗਦਾ ਵਿੱਚ ਕਵਿਤਾਵਾਂ ਦੇ,
ਜਾਂ ਫਿਰ ਵਿੱਚ ਗੀਤਾਂ ਦੇ ਜਾਂ ਫਿਰ ਵਿੱਚ ਹਾਵਾਂ ਦੇ ।

ਲਾਵੇ ਜੱਟ ਦਮਾਮੇ ਅੱਜਕਲ ਕਵਿਤਾਵਾਂ ਵਿੱਚ ਹੀ,
ਮੈਨੂੰ ਲੱਗੇ ਵਿਸਾਖੀ ਰਹਿਗੀ ਸਹਿਤ ਸਭਾਵਾਂ ਵਿੱਚ ਹੀ ।

ਭੰਗੜੇ ਗਿੱਧੇ ਦੇ ਲਗਦਾ ਸਭ ਹੁਣ ਤਾਂ ਗੱਲ ਪੁਰਾਣੀ ਹੋ ਗਏ,
ਨਚਦੇ ਸੀ ਜੋ ਮਿਲਕੇ ਲਗਦਾ ਵੱਖ ਉਹ ਹਾਣੀ ਹੋ ਗਏ ।

ਕੌਣ ਸਮਾਉਂਦਾ ਕੁੜਤੇ ਅੱਜਕਲ ਕੌਣ ਚਾਦਰੇ ਲਾਉਂਦਾ ਜੀ ,
ਕੌਣ ਲਗਾਉਂਦਾ ਉੱਚੀਆਂ ਹੇਕਾਂ ਕੌਣ ਧਮਾਲਾਂ ਪਾਉਂਦਾ ਜੀ ।

ਡਿੱਠੇ ਨਾ ਮੈਂ ਸੱਜ ਧੱਜ ਮੇਲੇ ਜਾਂਦੇ ਹੁਣ ਤਾਂ ਬਾਲ ਨਿਆਣੇ ਜੀ,
ਪਹਿਲਾਂ ਹੁੰਦੀ ਵਿਸਾਖੀ ਇੰਜ ਸੀ ਗੱਲਾਂ ਕਰਨ ਸਿਆਣੇ ਜੀ ।

ਮੇਲੇ ਲਗਦਾ ਰਹਿ ਗਏ ਹੁਣ ਯਾਦਗਾਰੀ ਤਸਵੀਰਾਂ ਵਿੱਚ,
ਹੁਣ ਤਾਂ ਜ਼ਿਕਰ ਹੀ ਹੁੰਦੇ ਨੇ ਬੱਸ ਕਵਿਤਾਵਾਂ ਤਕਰੀਰਾਂ ਵਿੱਚ।

ਕੁਝ ਮੋਬਾਇਲਾਂ ਤੇ ਕੁਝ ਕੇਬਲ ਨੇ ਮੇਲੇ ਮਾਰ ਮੁਕਾ ਦਿੱਤੇ,
ਰਲ ਮਿਲ ਨਚਣ ਖੇਡਣ ਦੇ ਸਭ ਮੌਕੇ ਜਿਵੇਂ ਮਿਟਾ ਦਿੱਤੇ ।

- ਹਰਦੀਪ ਬਿਰਦੀ
91-90416-00900

## ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ

**ਲੁਧਿਆਣਾ-** 15 ਅਪ੍ਰੈਲ, 2018 ਦੀ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ ਵਿਚ ਪ੍ਰਗਤੀਸ਼ੀਲ ਲੇਖਕ ਫਰੰਟ ਦੇ ਡਾ. ਤੇਜਵੰਤ ਗਿੱਲ, ਡਾ. ਸੁਰਜੀਤ ਅਤੇ ਸੁਰਿੰਦਰ ਕੈਲੇ ਵਾਲੇ ਸਾਰੇ ਪੈਨਲ ਨੂੰ ਵੋਟ ਅਤੇ ਸਮਰਥਨ ਦਿਓ ਜੀ। ਇਹ ਹਨ ਪ੍ਰਗਤੀਸ਼ੀਲ ਲੇਖਕ ਫਰੰਟ ਦੇ ਉਮੀਦਵਾਰ- ਪ੍ਰਧਾਨ- ਡਾ ਤੇਜਵੰਤ ਗਿੱਲ, ਸੀਨੀਅਰ ਮੀਤ ਪ੍ਰਧਾਨ-ਸ਼੍ਰੀ ਸੁਰਿੰਦਰ ਕੈਲੇ, ਜਨਰਲ ਸੱਕਤਰ-ਡਾ ਸੁਰਜੀਤ ਸਿੰਘ, ਮੀਤ ਪ੍ਰਧਾਨ- 1-ਗੁਲਜ਼ਾਰ ਪੰਧੇਰ, 2-ਭੁਪਿੰਦਰ ਸੰਧੂ, 3-ਖੁਸ਼ਵੰਤ ਬਰਗਾੜੀ, 4-ਸਹਿਜਪ੍ਰੀਤ ਮਾਂਗਟ, 5-ਡਾ ਹਰਵਿੰਦਰ ਸਿੰਘ-ਪੰਜਾਬੋਂ ਬਾਹਰੋਂ, ਪ੍ਰਬੰਧਕੀ ਬੋਰਡ, 1-ਪ੍ਰੇਮ ਸਾਹਿਲ-ਬਿਨਾ ਮੁਕਾਬਲਾ ਜੇਤੂ-ਬਾਕੀ ਭਾਰਤ ਵਿਚੋਂ, 2-ਸਿਰੀ ਰਾਮ ਅਰਸ਼, 3-ਡਾ. ਗੁਰਮੇਲ ਸਿੰਘ, 4-ਡਾ. ਹਰਪ੍ਰੀਤ ਸਿੰਘ ਹੁੰਦਲ,5-ਤਰਸੇਮ, 6-ਡਾ. ਜਗਵਿੰਦਰ ਜੋਧਾ, 7-ਭਗਵੰਤ ਰਸੂਲਪੁਰੀ, 8-ਤ੍ਰੈਲੋਚਨ ਲੋਚੀ, 9-ਮਨਜਿੰਦਰ ਧਨੋਆ, 10-ਕੰਵਰ ਜਸਵਿੰਦਰਪਾਲ ਸਿੰਘ, 11-ਜਸਵੀਰ ਝੱਜ, 12-ਸੁਰਿੰਦਰ ਨੀਰ, 13-ਕੰਵਲਜੀਤ ਨੀਲੋਂ, 14-ਅਮਰਜੀਤ ਕੌਰ ਹਿਰਦੇ, 15-ਹਰਲੀਨ ਕੌਰ

## ਮਿੰਨੀ ਕਹਾਣੀ

# ਭਟਕਣ

ਵਰਿੰਦਰ ਕੌਰ ਰੰਧਾਵਾ
91-96468-52416



ਗੋਰਖੀ ਗੁੱਸੀਲੇ ਜਿਹੇ ਸੁਭਾਅ ਦੀ ਕੁੜੀ ਸੀ। ਉਸ ਦਾ ਵਿਆਹ ਅਸ਼ੋਕ ਨਾਂਉਂ ਦੇ ਪੜ੍ਹੇ-ਲਿਖੇ ਫੌਜੀ ਨਾਲ ਹੋ ਗਿਆ ਸੀ, ਜਿਹੜਾ ਕਿ ਬਾਹਲਾ ਹੀ ਸੁਲਝਿਆ ਹੋਇਆ ਸਮਝਦਾਰ ਇਨਸਾਨ ਸੀ। ਵਿਆਹ ਤੋਂ ਦੋ ਕੋ ਵਰੇ ਬਾਅਦ ਗੋਰਖੀ ਤੇ ਅਸ਼ੋਕ ਦੇ ਘਰ ਧੀ ਨੇ ਜਨਮ ਲਿਆ। ਧੀ ਦੀ ਆਮਦ ਤੇ ਰੱਬ ਦੀ ਦਾਤ ਸਮਝਕੇ ਅਸ਼ੋਕ ਤਾਂ ਖੁਸ਼ ਸੀ, ਪਰ ਗੋਰਖੀ ਦੇ ਮੱਥੇ ਉਤੇ ਵੱਟ ਜਿਹੇ ਸਨ। ਤਿੰਨ ਕੋ ਵਰੇ ਧੀ ਦਾ ਪਾਲਣ-ਪੋਸਣ ਕਰਦਿਆਂ ਲੰਘ ਗਏ ਤਾਂ ਉਨਾਂ ਦੇ ਘਰ ਦੋਬਾਰਾ ਬੱਚੇ ਨੇ ਜਨਮ ਲੈ ਲਿਆ। ਜਦ ਵੇਖਿਆ ਕਿ ਇਹ ਵੀ ਧੀ ਹੀ ਸੀ ਤਾਂ ਗੋਰਖੀ ਤਾਂ ਜਾਣੋ ਫੁਟ-ਫੁਟਕੇ ਰੋਣ ਹੀ ਲੱਗ ਪਈ। ਗੋਰਖੀ ਨੂੰ ਰੋਂਦੀ ਵੇਖ ਕੇ ਇਸ ਬਾਰ ਅਸ਼ੋਕ ਵੀ ਕੁਝ ਦੁਖੀ ਜਿਹਾ ਹੋ ਗਿਆ ਸੀ। ਉਹ ਗੋਰਖੀ ਨੂੰ ਗਲ ਨਾਲ ਲਾ ਕੇ ਦਿਲਾਸਾ ਦਿੰਦਿਆਂ ਆਖਦਾ, 'ਕੋਈ ਨਾ ਗੋਰੀ, ਧੀਆਂ ਵੀ ਤਾਂ ਪੁੱਤਾਂ ਵਾਂਗ ਹੀ ਹੁੰਦੀਆਂ ਹਨ, ਤੂੰ ਕਿਉਂ ਅਤੇ ਕਿਸ ਗੱਲ ਦਾ ਫਿਕਰ ਕਰਦੀ ਏਂ ?'

ਪਰ ਗੋਰਖੀ ਕਿੱਥੋਂ ਸਮਝਣ ਵਾਲੀ ਸੀ। ਸ਼ਰੀਕਾਂ ਵੱਲ ਵੇਖ-ਵੇਖ ਝੁਰਦੀ ਰਹਿੰਦੀ ਸੀ। ਕਰਤਾਰੋ ਦੇ ਦੋ ਪੁੱਤ ! ਮਿੰਧੋ ਦੇ ਤਿੰਨ ਪੁੱਤ ਅਤੇ ਸ਼ਿੰਦੋ ਦੇ ਪੰਜ ! ਪਰ ਮੇਰੀ ਕਿਸਮਤ-ਮਾਰੀ ਦੀ ਗੋਦੀ ਇਕ ਵੀ ਨਹੀ! ਦੋ ਧੀਆਂ ਤੋਂ ਬਾਅਦ ਗੋਰਖੀ ਦੀ ਭਟਕਣ ਹੋਰ ਵੀ ਵਧ ਗਈ ਸੀ। ਉਹ ਕਦੀ ਕਿਸੇ ਡਾਕਟਰ ਕੋਲ ਜਾਂਦੀ ਅਤੇ ਕਦੀ ਕਿਸੇ ਸਿਆਣੇ ਕੋਲ। ਥਾਂ-ਥਾਂ ਤੇ ਭਟਕਣ ਨਾਲ ਹੱਥ-ਪੱਲੇ ਉਸ ਦੇ ਕੁਝ ਵੀ ਨਹੀ ਸੀ ਪੈ ਰਿਹਾ, ਪਰ ਉਲਟਾ ਇਹ ਭਟਕਣ ਉਸ ਨੂੰ ਸਰੀਰਕ ਪੱਖੋਂ ਕਮਜ਼ੋਰ ਕਰੀ ਜਾ ਰਹੀ ਸੀ।

ਅਸ਼ੋਕ ਜਦੋਂ ਵੀ ਛੁੱਟੀ ਆਉਂਦਾ ਉਸਨੂੰ ਬੜਾ ਸਮਝਾਉਂਦਾ ਕਿ ਧੀਆਂ ਵੱਲ ਜਰਾ ਧਿਆਨ ਦਿਆ ਕਰ। ਪਰ, ਗੋਰਖੀ ਅੱਗੋਂ ਅਸ਼ੋਕ ਵੱਲ ਭਰੀਆਂ ਅੱਖਾਂ ਨਾਲ ਵੇਖਦੀ ਬੋਲਦੀ, 'ਦੇਖੋ ਜੀ, ਜਿਵੇਂ ਸੁਰਿੰਦਰ ਦਾ ਪੁੱਤਰ ਉਸ ਨਾਲ ਮੋਢੇ ਨਾਲ ਮੋਢਾ ਜੋੜਕੇ ਚੱਲਦੈ, ਕੀ ਆਪਦਾ ਜੀਅ ਨਈ ਕਰਦਾ ਕਿ ਮੇਰਾ ਵੀ ਕੋਈ ਪੁੱਤ ਹੋਵੇ ਤਾਂ ਮੇਰੀ ਬਰਾਬਰ ਦੀ ਬਾਂਹ ਬਣ ਕੇ ਖੜੇ ਮੇਰੇ ਨਾਲ।' ਅਸ਼ੋਕ ਆਖਦਾ, 'ਗੋਰੀ ਇਹ ਤਾਂ ਰੱਬ ਦੀ ਕਰਨੀ ਹੈ। ਧੀਆਂ ਹੀ ਮੇਰੇ ਲਈ ਪੁੱਤ ਨੇ, ਹੁਣ। ਗੋਰਖੀ, ਅਸ਼ੋਕ ਨੂੰ ਨਾਲ ਲੈਕੇ ਜਬਰਦ-ਸਤੀ ਡਾਕਟਰਾਂ ਕੋਲ ਜਾਂਦੀ ਰਹਿੰਦੀ। ਦਵਾਈਆਂ ਖਾ ਖਾ ਕੇ ਅਤੇ ਵੱਖੋ-ਵੱਖਰੇ ਦੇਸੀ ਨੁਸਖਿਆਂ ਨਾਲ ਇਕ ਤਾਂ ਪੈਸਾ ਖਰਚ ਹੋ ਰਿਹਾ ਸੀ ਅਤੇ ਦੂਜੇ ਉਹ ਅੰਦਰੂਨੀ ਬੀਮਾਰੀਆਂ ਦਾ ਸ਼ਿਕਾਰ ਬਣੀ ਜਾ ਰਹੀ ਸੀ।

ਦਿਨ-ਬ-ਦਿਨ ਉਸ ਦੀ ਹਾਲਤ ਵਿਗੜਦੀ ਹੀ ਜਾ ਰਹੀ ਸੀ। ਡਾਕਟਰਾਂ ਨੇ ਵੀ ਅਸ਼ੋਕ ਨੂੰ ਹੁਣ ਸਪਸ਼ਟ ਦੱਸ ਦਿੱਤਾ ਸੀ ਕਿ ਗੋਰਖੀ ਦੇ ਹੁਣ ਹੋਰ ਕੋਈ ਔਲਾਦ ਨਹੀ ਹੋ ਸਕੇਗੀ। ਪਰ, ਅਸ਼ੋਕ ਇਹ ਸੱਚ ਗੋਰਖੀ ਨੂੰ ਨਹੀ ਸੀ ਦੱਸ ਸਕਦਾ, ਕਿਉਂਕਿ ਉਸ ਨੂੰ ਡਰ ਸੀ ਕਿ ਉਹ ਕਿਤੇ ਗੋਰਖੀ ਨੂੰ ਹੀ ਹੱਥੋਂ ਨਾ ਗਵਾ ਬੈਠੇ, ਐਸਾ ਕੁਝ ਦੱਸਕੇ।

ਆਖਰ ਉਹ ਕੁਝ ਹੀ ਹੋਇਆ ਜਿਸਦਾ ਡਰ ਹੀ ਸੀ। ਇਕ ਦਿਨ ਗੋਰਖੀ ਦੀ ਤਬੀਅਤ ਬਾਹਲੀ ਵਿਗੜ ਗਈ। ਮਰਨ ਵਾਲਾ ਹੀ ਹੋ ਗਿਆ ਸੀ, ਉਸ ਦਾ ਹਾਲ। ਗੋਰਖੀ ਦੇ ਮੱਥੇ ਉਤੇ ਹੱਥ ਰੱਖਕੇ ਅਸ਼ੋਕ ਧਾਹ ਮਾਰ ਕੇ ਰੋ ਉਠਿਆ ਤੇ ਬੋਲਿਆ, 'ਦੇਖ ਗੋਰੀ, ਤੇਰੀ ਪੁੱਤ ਪਾਉਣ ਦੀ ਭਟਕਣ ਸਾਡਾ ਸਾਰਾ ਟੱਬਰ ਰੋਲ ਰਹੀ ਹੈ। ਤੂੰ ਮੇਰੇ ਤੋਂ ਦੂਰ ਨਾ ਹੋ ਜਾਵੀਂ।'

ਉਧਰ ਗੋਰਖੀ ਨੂੰ ਵੀ ਅਹਿਸਾਸ ਹੋ ਚੱਲਿਆ ਸੀ ਕਿ ਉਸ ਦੀ ਪੁੱਤਰ ਹਾਸਲ ਕਰਨ ਦੀ ਖਾਹਸ਼, ਉਸ ਨੂੰ ਅਤੇ ਉਸਦੇ ਸਾਰੇ ਟੱਬਰ ਨੂੰ ਰੋਲ ਰਹੀ ਹੈ। ਅੱਖਾਂ ਸਦਾ ਲਈ ਬੰਦ ਕਰਦੀ ਹੋਈ ਗੋਰਖੀ ਬੋਲੀ, 'ਦੇਖੋ ਜੀ, ਮੈਨੂੰ ਨਹੀ ਸੀ ਪਤਾ ਕਿ ਮੇਰੀਆਂ ਆਸਾਂ-ਉਮੀਦਾਂ ਮੇਰੀ ਭਟਕਣ ਬਣ ਜਾਣਗੀਆਂ', ਕਹਿੰਦੇ-ਕਹਿੰਦਿਆਂ ਗੋਰਖੀ ਅਗਲੇ ਹੀ ਪਲ ਅਸ਼ੋਕ ਦੀਆਂ ਬਾਹਾਂ ਵਿਚ ਲੁਟਕ ਗਈ।



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਪੀਸੀਏ ਦੇ ਉੱਦਮ ਸਦਕਾ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਖਾਲਸੇ ਦੇ ਸਾਜਨਾ ਦਿਵਸ ਤੇ ਵਿਸ਼ੇਸ਼ ਸਮਾਗਮ ਕਰਵਾਏ ਗਏ


















**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਖਾਲਸੇ ਦੇ ਸਾਜਨਾਂ ਦਿਵਸ ਨੂੰ ਮੁੱਖ ਰੱਖਕੇ ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ ਦੇ ਉੱਦਮ ਸਦਕਾ ਸਥਾਨਕ ਗੁਰਦਵਾਰਾ ਸਿੰਘ ਸਭਾ ਵਿਖੇ ਚਾਰ ਰੋਜ਼ਾ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਮੌਕੇ ਖਾਲਸੇ ਦਾ ਸੰਕਲਪ ਅਤੇ ਬੁਨਿਆਦ ਸਬੰਧੀ ਲੰਘੇ ਸ਼ਨੀਵਾਰ ਇੱਕ ਵਿਸ਼ੇਸ਼ ਸੈਮੀਨਰ ਵੀ ਕਰਵਾਇਆਂ ਗਿਆ। ਇਸ ਸੈਮੀਨਰ ਦੌਰਾਨ ਬੋਲਣ ਵਾਲੇ ਬੁਲਾਰਿਆਂ ਵਿੱਚ ਸੁਖਬੀਰ ਸਿੰਘ ਭੰਡਾਲ, ਸਰਬਜੀਤ ਸਿੰਘ ਸੈਕਰਾਮੈਂਟੋ, ਮਲਕੀਤ ਸਿੰਘ ਕਰਨਾਲ, ਹਰਜਿੰਦਰ ਸਿੰਘ ਸਭਰਾਂ, ਚਮਕੌਰ ਸਿੰਘ, ਪੱਤਰਕਾਰ ਸੁਰਿੰਦਰ ਸਿੰਘ (ਟਾਕਿੰਗ ਪੰਜਾਬ) ਆਦਿ ਨੇ ਆਪਣੇ ਵਿਚਾਰ ਰੱਖੇ। ਬੋਲਣ ਵਾਲੇ ਬੁਲਾਰਿਆਂ ਨੇ ਮੁੱਖ ਰੂਪ ਵਿੱਚ ਖਾਲਸੇ ਦਾ ਨਿਆਰਾਪਣ, ਖਾਲਸੇ ਦੀ ਅਜ਼ਾਦ ਹਸਤੀ, ਅਜੋਕੇ ਸਮੇ ਦੇ ਸਿੱਖ ਤੇ ਮਨਮਤੀ ਪ੍ਰਭਾਵ ਅਤੇ ਔਰਤ ਦਾ ਸਿੱਖ ਧਰਮ ਵਿੱਚ ਅਸਥਾਨ ਆਦਿ ਵਿਸ਼ਿਆਂ ਤੇ ਆਪਣੇ ਵਿਚਾਰ ਰੱਖੇ। ਇਸ ਮੌਕੇ ਸ. ਪਾਲ ਸਿੰਘ ਪੁਰੇਵਾਲ ਵੀ ਨਾਨਕਸ਼ਾਹੀ ਕਲੰਡਰ ਤੇ ਚਰਚਾ ਕਰਨ ਲਈ ਉਚੇਚੇ ਤੌਰ ਤੇ ਕਨੇਡਾ ਤੋਂ ਪੀਸੀਏ ਦੇ ਸੱਦੇ ਤੇ ਪਹੁੰਚੇ ਹੋਏ ਸਨ। ਉਹਨਾਂ ਦੱਸਿਆ ਕਿ ਉਹ ਪਿਛਲੇ 60 ਸਾਲ ਤੋਂ ਲਗਤਾਰ ਨਾਨਕਸ਼ਾਹੀ ਕਲੰਡਰ ਤੇ ਕੰਮ ਕਰ ਰਹੇ ਹਨ ਅਤੇ ਉਹਨਾਂ ਮਹਿਸੂਸ ਕੀਤਾ ਕਿ ਹਰ ਧਰਮ ਵਾਂਗ ਸਿੱਖ ਧਰਮ ਨੂੰ ਵੀ ਆਪਣੇ ਵੱਖਰੇ ਕਲੰਡਰ ਦੀ ਲੋੜ ਹੈ। ਉਹਨਾਂ ਆਪਣੇ ਭਾਸ਼ਨ ਦੌਰਾਨ ਕਿਹਾ ਕਿ ਸਾਨੂੰ ਹਿੰਦੂ ਧਰਮ ਨਾਲ ਰਲਗੱਡ ਕਰਨ ਦੀ ਜੋ ਕੋਝੀ ਸਾਜਿਸ਼ ਆਰ ਐਸ ਐਸ ਕਰ ਰਹੀ ਸੀ ਨਾਨਕਸ਼ਾਹੀ ਕਲੰਡਰ ਬਣਨ ਨਾਲ ਉਹ ਓਹਨਾਂ ਦੀ ਨਾਕਾਮ ਹੋ ਗਈ।

ਇਹੀ ਕਾਰਨ ਹੈ ਕਿ ਭਾਜਪਾ ਨੂੰ ਨਾਨਕਸ਼ਾਹੀ ਕਲੰਡਰ ਦੀ ਸਭ ਤੋਂ ਵੱਧ ਤਕਲੀਫ ਹੋਈ ਹੈ। ਇਸ ਮੌਕੇ ਨਵੇਂ ਸਾਲ ਦਾ ਨਾਨਕਸ਼ਾਹੀ ਕਲੰਡਰ ਵੀ ਸੰਗਤਾਂ ਵੱਲੋਂ ਰਿਲੀਜ਼ ਕੀਤਾ ਗਿਆ। ਐਤਵਾਰ ਦੇ ਦੀਵਾਨ ਵਿੱਚ ਸੰਗਤ ਹੁੰਭ ਹਮਾਂਕੇ ਪਹੁੰਚੀ ਇਸ ਦੀਵਾਨ ਦੌਰਾਨ ਭਾਈ ਸਰਬਜੀਤ ਸਿੰਘ ਜੀ ਸੁੰਦਰ ਨਗਰ ਵਾਲਿਆ ਦੇ ਜਥੇ ਨੇ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਭਾਈ ਮਲਕੀਤ ਸਿੰਘ ਮੁੱਖ ਸੇਵਾਦਾਰ ਅਤੇ ਭਾਈ ਹਰਜਿੰਦਰ ਸਿੰਘ ਸਭਰਾਂ ਨੇ ਕਥਾ ਰਾਹੀਂ ਸੰਗਤ ਨਾਲ ਗੁਰੂ ਸ਼ਬਦ ਦੀ ਸਾਂਝ ਪਾਈ ਅਤੇ ਗੁਰ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ।

ਇਸ ਮੌਕੇ ਉੱਘੇ ਸਿੱਖ ਵਿਦਵਾਨ ਸ. ਪਾਲ ਸਿੰਘ ਪੂਰੇਵਾਲ ਨੇ ਨਾਨਕਸ਼ਾਹੀ ਕਲੰਡਰ ਸਬੰਧੀ ਸੰਗਤ ਨੂੰ ਜਾਗੁਰਕ ਕੀਤਾ ਅਤੇ ਸਮਝਾਇਆ ਕਿ ਸਿੱਖ ਕੌਮ ਨੂੰ ਇਸ ਕਲੰਡਰ ਦੀ ਲੋੜ ਕਿਉਂ ਪਈ ’ਤੇ ਕੀ ਕਾਰਨ ਕੁਝ ਸੰਸਥਾਵਾਂ ਇਸਨੂੰ ਲਾਗੂ ਕਰਨ ਤੋਂ ਕੰਨੀ ਕਤਰਾ ਰਹੀਆਂ ਹਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲ–ਬਾਤ ਕਰਦਿਆਂ ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਸਾਡੇ ਇਹ ਸਮਾਗਮ ਕਰਵਾਉਣ ਦਾ ਮਤਲਬ ਡੇਰੇਵਾਦ ਦੇ ਪ੍ਰਭਾਵ ਕਾਰਨ ਕਰਾਹੇ ਪਏ ਸਿੱਖ ਨੂੰ ਗੁਰਬਾਣੀ ਦੀ ਕਸਵੱਟੀ ਅਨੁਸਾਰ ਸਿੱਖੀ ਸਿਧਾਂਤ ਤੋਂ ਜਾਣੂ ਕਰਵਾਉਣਾ ਹੈ ’ਤੇ ਜਿਸ ਤਰੀਕੇ ਨਾਲ ਨਾਗਪੁਰ ਤੋਂ ਹੁਕਮ ਜਾਰੀ ਹੁੰਦੇ ਨੇ, ਓਵੇਂ ਹੀ ਸਾਡੀਆਂ ਸੰਪਰਦਾਵਾਂ ਉਹਨਾਂ ਨੂੰ ਲਾਗੂ ਕਰਦੀਆਂ ਹਨ ਅਤੇ ਇਸੇ ਕਰਕੇ ਨਾਨਕਸ਼ਾਹੀ ਕਲੰਡਰ ਤੋਂ ਭੱਜ ਰਹੀਆਂ ਹਨ। ਉਹਨਾਂ ਕਿਹਾ ਕਿ ਇਹਨਾਂ ਕੋਝੀਆਂ ਸਰਾਰਤਾਂ ਸਬੰਧੀ ਸੰਗਤ ਨੂੰ ਜਾਗੁਰਕ ਕਰਨ ਦਾ ਇਹ ਪੀਸੀਏ ਦਾ ਛੋਟਾ ਜਿਹਾ ਉਪਰਾਲਾ ਹੈ ਅਤੇ ਅਸੀਂ ਆਸ ਕਰਦੇ ਹਾਂ ਖ਼ਾਸ ਕਰਕੇ ਜਿਹੜੇ ਗੁਰੂ–ਘਰ ਹਾਲੇ ਵੀ ਬਿਕਰਮੀ ਕਲੰਡਰ ਵਰਤਦੇ ਹਨ, ਓਹ ਜਲਦ ਗੁਰੂ ਘਰਾਂ ਅੰਦਰ ਨਾਨਕਸ਼ਾਹੀ ਕਲੰਡਰ ਲਾਗੂ ਕਰਨਗੇ।

ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਗੁਰੂ–ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਬਾਖ਼ੂਬੀ ਕੀਤਾ। ਪੀਸੀਏ ਮੈਂਬਰਾਂ ਨੇ ਸਮੂਹ ਸੰਗਤ ਅਤੇ ਗੁਰੂ–ਘਰ ਦੀ ਕਮੇਟੀ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ। ਗੁਰੂ ਘਰ ਅਤੇ ਪੀਸੀਏ ਮੈਂਬਰਾਂ ਵੱਲੋਂ ਭਾਈ ਹਰਜਿੰਦਰ ਸਿੰਘ ਸਭਰਾਂ ਅਤੇ ਸ. ਪਾਲ ਸਿੰਘ ਪੁਰੇਵਾਲ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਅਖੀਰ ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਪਿੱਛੋਂ ਗੁਰੂ ਕਾ ਲੰਗਰ ਅਤੁੱਟ ਵਰਤਿਆ।





ਮੱਖਣ ਸਿੰਘ ਬੈਂਸ

ਦਸਮ ਪਾਤਸ਼ਾਹ ਸਾਹਿਬ ਸ੍ਰੀ
ਗੁਰੂ ਗੋਬਿੰਦ ਸਿੰਘ ਜੀ ਵੱਲੋਂ
ਸਾਜੇ ਖਾਲਸਾ ਪੰਥ ਦੇ
ਸਥਾਪਨਾ ਦਿਹਾੜੇ,
ਸਟਾਕਟਨ ਗੁਰੂ ਘਰ ਦੇ
ਨਗਰ ਕੀਰਤਨ ਅਤੇ ਵਿਸ-
ਾਖੀ ਦੀਆਂ ਸਮੂਹ ਮਨੁੱਖਤਾ
ਨੂੰ ਲੱਖ-ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ


Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




Call Makhan Bains or Ravinder Singh for your next Party 1-866-FOR RAJA www.RajaSweets.com